


The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar




Vol: 11 No: 259 Website : www.punjabiakhbaar.ca Email: editor@punjabiakhbaar.ca Friday, 10 January 2025

## ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅਸਤੀਫੇ ਦੇ ਐਲਾਨ ਉਪਰੰਤ ਵਿਰੋਧੀਆਂ ਨੇ ਆਪਣੇ ਸੁਰ ਤਿੱਖੇ ਕੀਤੇ







ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਬਤੌਰ ਲਿਬਰਲ ਪਾਰਟੀ ਲੀਡਰ ਅਤੇ ਬਤੌਰ ਪ੍ਰਧਾਨ ਮੰਤਰੀ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਗਿਆ ਹੈ। ਔਟਵਾ ਚ ਇਹ ਐਲਾਨ ਕਰਦਿਆਂ ਉਹਨਾਂ ਨੇ ਆਖਿਆ ਕਿ ਉਹ ਪਾਰਟੀ ਦਾ ਅਗਲਾ ਲੀਡਰ ਚੁਣੇ ਜਾਣ ਤੱਕ ਇਸ ਅਹੁਦੇ ਤੇ ਬਣੇ ਰਹਿਣਗੇ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਵੱਲੋਂ ਇਹ ਵੀ ਆਖਿਆ ਗਿਆ ਕਿ ਉਹਨਾਂ ਵੱਲੋਂ ਗਵਰਨਰ ਜਨਰਲ ਮੈਰਿਜ ਸਾਈਮਨ ਨੂੰ ਪਾਰਲੀਮੈਂਟ ਨੂੰ ਮੁਅਤਲ ਕਰਨ ਦੀ ਬੇਨਤੀ ਕੀਤੀ ਗਈ ਸੀ ਜਿਸ ਨੂੰ ਉਹਨਾਂ ਵੱਲੋਂ ਪ੍ਰਵਾਨ ਕਰ ਲਿਆ ਗਿਆ ਹੈ ਤੇ ਇਸ ਤਰ੍ਹਾਂ ਹੁਣ ਪਾਰਲੀਮੈਂਟ 24 ਮਾਰਚ 2025 ਤੱਕ ਮੁਅੱਤਲ ਕਰ ਦਿੱਤੀ ਗਈ ਹੈ ਤੇ ਇਸ ਤੋਂ ਬਾਅਦ ਪਾਰਲੀਮੈਂਟ ਦਾ ਨਵਾਂ ਸੈਸ਼ਨ ਹੋਵੇਗਾ।

ਉਧਰ ਜਸਟਿਨ ਟਰੂਡੋ ਦੇ ਅਸਤੀਫੇ ਤੇ ਪ੍ਰਤਿਕਿਰਿਆ ਦਿੰਦਿਆਂ ਮੁੱਖ ਵਿਰੋਧੀ ਧਿਰ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਨੇ ਆਖਿਆ ਕਿ ਆਖਿਰਕਾਰ ਜਸਟਿਨ ਟਰੂਡੋ ਰਵਾਨਾ ਹੋ ਰਹੇ ਹਨ ਪਰ ਨਾਲ ਹੀ ਉਹਨਾਂ ਨੇ ਆਖਿਆ ਕਿ ਜਸਟਿਨ ਟਰੂਡੋ ਦੇ ਜਾਣ ਨਾਲ ਹੀ ਸਭ ਕੁੱਝ ਨਹੀਂ ਬਦਲੇਗਾ ਕਿਉਂਕਿ ਲਿਬਰਲ ਪਾਰਟੀ ਦੇ ਜਿੰਨੇ ਵੀ ਪਾਰਲੀਮੈਂਟ ਮੈਂਬਰ ਹਨ ਅਤੇ ਜਿੰਨੇ ਵੀ ਹੁਣ ਲੀਡਰਸ਼ਿਪ ਦੀ ਰੇਸ ਵਿੱਚ ਸ਼ਾਮਿਲ ਲੋਕ ਹਨ, ਸਭ ਨੇ ਟਰੂਡੋ ਨਾਲ ਮਿਲ ਕੇ ਕੈਨੇਡਾ ਦਾ ਬੇੜਾ ਗਰਕ ਕੀਤਾ ਹੈ।

ਐਨਡੀਪੀ ਲੀਡਰ ਜਗਮੀਤ ਸਿੰਘ ਵੱਲੋਂ ਜਸਟਿਨ ਟਰੂਡੋ ਦੇ ਅਸਤੀਫੇ ਦੇ ਐਲਾਨ ਉੱਪਰ ਟਿੱਪਣੀ ਕਰਦਿਆਂ ਇੱਕ ਬਿਆਨ ਜਾਰੀ ਕੀਤਾ ਗਿਆ ਹੈ। ਜਿਸ ਵਿੱਚ ਆਖਿਆ ਗਿਆ ਹੈ ਕਿ ਜਸਟਿਨ ਟਰੂਡੋ ਨੇ ਦੇਸ਼ ਦੇ ਲੋਕਾਂ ਨੂੰ ਲਗਾਤਾਰ ਨੁਕਸਾਨ ਪਹੁੰਚਾਇਆ ਹੈ। ਇਸ ਦੇ ਨਾਲ ਹੀ ਹਾਊਸਿੰਗ ਅਤੇ ਗਰੋਸਰੀ ਦੀਆਂ ਵਧੀਆਂ ਹੋਈਆਂ ਕੀਮਤਾਂ ਕਾਰਨ ਦੇਸ਼ ਵਾਸੀਆਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਆਖਿਆ ਕਿ ਹੈਲਥ ਕੇਅਰ ਦੇ ਸੁਧਾਰ ਵਿੱਚ ਜਸਟਿਨ ਟਰੂਡੋ ਅਸਫਲ ਰਹੇ। ਉਹਨਾਂ ਆਖਿਆ ਕਿ ਹੁਣ ਇਹ ਗੱਲ ਬਹੁਤਾ ਮਹੱਤਵ ਨਹੀਂ ਰੱਖਦੀ ਕਿ ਲਿਬਰਲ ਪਾਰਟੀ ਦਾ ਲੀਡਰ ਕੌਣ ਹੋਵੇਗਾ, ਪਰ ਲਿਬਰਲ ਪਾਰਟੀ ਹੁਣ ਹੋਰ ਕਿਸੇ ਮੌਕੇ ਦੇ ਲਾਇਕ ਨਹੀਂ ਰਹੀ। ਇਸ ਦੇ ਨਾਲ ਹੀ ਉਹਨਾਂ ਨੇ ਕੰਜਰਵੇਟਿਵ ਪਾਰਟੀ ਦਾ ਲੀਡਰ ਪੀਅਰ ਪੋਲੀਵਰ ਨੂੰ ਵੀ ਉੱਪਰ ਵੀ ਤਿੱਖਾ ਸ਼ਬਦੀ ਹਮਲਾ ਕੀਤਾ ਹੈ। ਉਹਨਾਂ ਆਖਿਆ ਕਿ ਜੇਕਰ ਕੰਜਰਵੇਟਿਵ ਪਾਰਟੀ ਸੱਤਾ ਵਿੱਚ ਆਉਂਦੀ ਹੈ ਤਾਂ ਉਹ ਆਮ ਲੋਕਾਂ ਨੂੰ ਮਿਲ ਰਹੀਆਂ ਸਹੂਲਤਾਂ ਵਿੱਚ ਕੱਟ ਲਗਾ ਦੇਵੇਗੀ। ਇਸ ਲਈ ਉਹਨਾਂ ਦੇ ਦੇਸ਼ ਦੇ ਲੋਕਾਂ ਨੂੰ ਆਖਿਆ ਕਿ ਉਹ ਐਨਡੀਪੀ ਦੇ ਨਾਲ ਖੜੇ ਹੋਣ ਤਾਂ ਕਿ ਅਜਿਹੀ ਸਰਕਾਰ ਆਵੇ ਜੋ ਲੋਕਾਂ ਵਾਸਤੇ ਕੰਮ ਕਰੇ।

## ਪੰਜਾਬਣ ਕਿਰਨ ਰੰਧਾਵਾ ਚੈਸਟਰਮੀਅਰ ਦੀ ਡਿਪਟੀ ਮੇਅਰ ਬਣੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਕਸਬੇ ਚੈਸਟਰਮੀਅਰ ਜਿਸ ਨੂੰ ਝੀਲਾਂ ਦਾ ਸਹਿਰ ਵੀ ਆਖਿਆ ਜਾਂਦਾ ਹੈ ਉਸ ਦੀ ਡਿਪਟੀ ਹੁਣ ਪੰਜਾਬੀ ਮੂਲ ਦੀ ਕਿਰਨ ਰੰਧਾਵਾ ਚੁਣੀ ਗਈ ਹੈ। ਜੇਕਰ ਅਸੀ ਕਿਰਨ ਰੰਧਾਵਾ ਦੇ ਜੀਵਨ ਬਾਰੇ ਜਾਣਾ ਹੋਵੇ ਤਾਂ ਉਹ 2008 ਤੋਂ ਚੈਸਟਰਮੀਅਰ ਵਿੱਚ ਹੀ ਰਹਿ ਰਹੀ ਹੈ। ਉਹ ਇਸ ਸਹਿਰ ਦੀਆਂ ਸਮੱਸਿਆਵਾਂ ਤੋਂ ਭਲੀਭਾਤ ਜਾਣੂ ਹੈ। ਉਹ ਇੱਕ ਪਤਨੀ ਅਤੇ ਇੱਕ 7 ਸਾਲ ਦੀ ਧੀ ਦੀ ਮਾਂ ਹੈ, ਅਤੇ ਉਹ ਵਪਾਰ ਪ੍ਰਬੰਧਨ ਵਿੱਚ ਵਿਆਪਕ ਅਨੁਭਵ ਦੇ ਨਾਲ ਕਈ ਕਾਰੋਬਾਰ ਚਲਾਉਂਦੀ ਹੈ।ਪਿਛਲੇ ਸਾਲਾਂ ਦੌਰਾਨ, ਕਿਰਨ ਨੇ ਵੱਖ-ਵੱਖ ਕਮੇਟੀਆਂ ਅਤੇ ਬੋਰਡਾਂ ਵਿੱਚ ਸੇਵਾ ਕਰਦੇ ਹੋਏ, ਸਮਾਜ ਵਿੱਚ ਸਰਗਰਮੀ ਨਾਲ ਸਵੈਸੇਵੀ ਵੱਜੋਂ ਕੰਮ ਕੀਤਾ ਹੈ। ਉਸਦੇ ਵਲੰਟੀਅਰ ਕੰਮ ਵਿੱਚ ਚੈਸਟਰਮੇਰ ਵੈਲਕਮਿੰਗ ਅਤੇ ਇਨਕਲੂਸਿਵ ਕਮੇਟੀ, ਸੀਨੀਅਰਜ਼ ਲਈ ਚੈਸਟਰਮੇਰ ਗੱਠਜੋੜ, ਪੁਲਿਸ ਸੰਚਾਰ ਕਮੇਟੀ, ਅਤੇ ਸੀਨੀਅਰ ਸਲਾਹਕਾਰ ਕਮੇਟੀ ਦਾ ਮੈਂਬਰ ਹੋਣਾ ਸ਼ਾਮਿਲ ਹੈ। ਉਹ ਪ੍ਰੈਰੀ ਵਾਟਰਜ਼ ਐਲੀਮੈਂਟਰੀ ਸਕੂਲ ਇਵੈਂਟ ਦੀ ਯੋਜਨਾਬੰਦੀ ਵਿੱਚ ਵੀ ਹਿੱਸਾ ਲੈਂਦੀ ਹੈ ਅਤੇ ਬਜ਼ੁਰਗਾਂ ਲਈ ਗੈਰ-ਮੁਨਾਫ਼ਾ ਸੰਸਥਾ ਚਲਾਉਂਦੀ ਹੈ। ਇਹਨਾਂ ਯਤਨਾਂ ਰਾਹੀਂ, ਕਿਰਨ ਕੋਲ ਭਾਈਚਾਰੇ ਦੇ ਸਾਰੇ ਨਿਵਾਸੀਆਂ ਅਤੇ ਪਰਿਵਾਰਾਂ ਦੀਆਂ ਲੋੜਾਂ ਬਾਰੇ ਡੂੰਘੀ ਸਮਝ ਹੈ। ਵਰਨਣਯੋਗ ਹੈ ਕਿ ਕਿਰਨ ਰੰਧਾਵਾ ਨੇ ਚੈਸਟਰਮੀਅਰ ਸਿਟੀ ਵਿੱਚ ਨਵਾਂ ਇਤਹਾਸ ਸਿਰਜਿਆ ਹੈ ਕਿਉਂਕਿ ਉਹ ਪਹਿਲੀ ਪੰਜਾਬਣ ਔਰਤ ਹੈ ਜੋ ਡਿਪਟੀ ਮੇਅਰ ਦੇ ਅਹੁਦੇ ਤੱਕ ਪੁੱਜੀ ਹੈ।





## ਇੰਡੀਆ ਦਾ ਕਹਿਣਾ ਹੈ ਕਿ ਆਪਣੀਆਂ ਅੰਦਰੂਨੀ ਅਸਫਲਤਾਵਾਂ ਲਈ ਗੁਆਂਢੀਆਂ ਨੂੰ ਦੋਸ਼ ਦੇਣਾ ਪਾਕਿਸਤਾਨ ਦੀ ਪੁਰਾਣੀ ਆਦਤ ਹੈ।

ਨਵੀਂ ਦਿੱਲੀ ( ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਨੇ ਅਫ਼ਗਾਨਿਸਤਾਨ ’ਤੇ ਪਾਕਿਸਤਾਨੀ ਹਵਾਈ ਹਮਲਿਆਂ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਆਪਣੀਆਂ ਅੰਦਰੂਨੀ ਅਸਫਲਤਾਵਾਂ ਲਈ ਗੁਆਂਢੀਆਂ ਨੂੰ ਦੋਸ਼ ਦੇਣਾ ਪਾਕਿਸਤਾਨ ਦੀ ਪੁਰਾਣੀ ਆਦਤ ਹੈ। ਪਾਕਿਸਤਾਨ ਨੇ ਅਫ਼ਗਾਨਿਸਤਾਨ ਦੇ ਕੁੱਝ ਇਲਾਕਿਆਂ ’ਚ ਹਵਾਈ ਹਮਲੇ ਕੀਤੇ ਹਨ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਕਿਹਾ, ‘‘ਅਸੀਂ ਔਰਤਾਂ ਤੇ ਬੱਚਿਆਂ ਸਣੇ ਅਫ਼ਗਾਨ ਨਾਗਰਿਕਾਂ ’ਤੇ ਹਵਾਈ ਹਮਲਿਆਂ ਦੀ ਮੀਡੀਆ ਰਿਪੋਰਟ ’ਤੇ ਗੌਰ ਕੀਤਾ ਹੈ, ਜਿਸ ਵਿੱਚ ਕਈ ਲੋਕਾਂ ਦੀ ਜਾਨ ਚਲੀ ਗਈ।































## MODERN SINGLE-FAMILY HOME WITH SPICE KITCHEN & LEGAL BASEMENT SUITE OPTIONS


Starting from Mid $600's Excl. GST.


ਸਾਡੇ ਮਾਡਰਨ ਸਿੰਗਲ ਫੈਮਿਲੀ ਹੋਮਜ਼ ਸਮਕਾਲੀ ਬਾਹਰੀ ਆਰਕੀਟੈਕਚਰ ਪੇਸ਼ ਕਰਦੇ ਹਨ ਜਿਸ ਵਿੱਚ ਡਬਲ ਫਰੰਟ ਗੈਰੇਜ ਅਤੇ ਇੱਕ ਨਿੱਜੀ ਪਰ ਸੱਦਾ ਦੇਣ ਵਾਲਾ ਸਾਹਮਣੇ ਪ੍ਰਵੇਸ਼ ਦੁਆਰ ਹੈ। ਇੱਕ ਬਹੁ-ਪੀੜ੍ਹੀ ਜੀਵਨ ਸ਼ੈਲੀ ਵਾਲਾ ਇਹ ਘਰ ਮੌਰਗੇਜ ਸਹਾਇਕ ਜਾਂ ਪੂਰਕ ਵਜੋਂ ਸੇਵਾ ਕਰਨ ਲਈ ਅਧੂਰੇ ਅਤੇ ਮੁਕੰਮਲ ਕਾਨੂੰਨੀ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ।

ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਮੁੱਖ ਵਿਕਲਪਾਂ 'ਤੇ ਘਰੇਲੂ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਵਿਸ਼ਾਲ ਘਰ ਦਾ ਦਫਤਰ, ਬੋਨਸ ਰੂਮ, ਮਸਾਲਾ ਰਸੋਈ ਅਤੇ ਬੈੱਡਰੂਮ ਵੀ ਉਪਲਬਧ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!!**







**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 11 No: 259 Website : www.punjabiakhbaar.ca Email: editor@punjabiakhbaar.ca Friday, 10 January 2025

# ਸਿੱਖ ਸੁਸਾਇਟੀ ਰੀਜਾਇਨਾ ਵਿਖੇ ਸ਼ਹੀਦੀ ਪੰਦਰਵਾੜਾ ਮਨਾਇਆ ਗਿਆ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) 21ਤੋਂ 24 ਦਸੰਬਰ ਤੱਕ ਸਫ਼ਰ ਏ ਸ਼ਹਾਦਤ ਸਮਾਗਮ 4 ਦਿਨ ਮਨਾਇਆ ਗਿਆ ਜਿਸ ਵਿੱਚ ਭਾਈ ਮਨਿੰਦਰ ਸਿੰਘ ਜੀ ਨੇ ਧਾਰਮਿਕ ਕਵਿਤਾਵਾਂ ਨਾਲ ਸੰਗਤਾਂ ਨੂੰ ਸ਼ਹੀਦੀ ਪੰਦਰਵਾੜਾ ਦੌਰਾਨ ਵਾਪਰੀਆਂ ਸਿੱਖ ਇਤਿਹਾਸ ਦੀਆਂ ਗੌਰਵਮਈ ਘਟਨਾਵਾਂ ਨਾਲ ਜੋੜਿਆ। ਵੈਰਾਗਮਈ ਮਾਹੌਲ ਦੌਰਾਨ ਭਾਰੀ ਗਿਣਤੀ ਚ ਸੰਗਤਾਂ ਨੇ ਇਤਿਹਾਸ ਸੁਣਿਆ। ਭਾਈ ਪਰਮਿੰਦਰ ਸਿੰਘ ਤੇ ਉਹਨਾ ਦੇ ਸਹਿਯੋਗੀ ਸਾਥੀਆਂ ਵੱਲੋਂ ਕੀਰਤਨ ਦਰਬਾਰ ਵਿੱਚ ਹਾਜਰੀਆਂ ਭਰੀਆਂ ਗਈਆਂ। 25-26 ਦਸੰਬਰ ਨੂੰ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸਬੰਧਿਤ ਕੈਂਪ ਲਾਏ ਗਏ। ਜਿਸ ਚ 200 ਤੋਂ ਵੱਧ ਬੱਚਿਆ ਨੇ ਹਿੱਸਾ ਲਿਆ।ਜਿਸ ਵਿੱਚ ਵਲੰਟੀਅਰਜ਼ ਵੱਲੋਂ ਚਾਰ ਸਾਹਿਬਜਾਦਿਆ ਦੀ ਜਿੰਦਗੀ ਵਾਰੇ ਦੱਸਿਆ ਗਿਆ। ਸਾਰੇ ਉਹ ਸਥਾਨ ਵੀਡੀਓ ਫਿਲਮਾਂ ਰਹੀ ਦਿਖਾਏ ਗਏ ਜਿੱਥੇ ਜਿੱਥੇ ਚਾਰ ਸਾਹਿਬਜਾਦੇ ਲਿਜਾਏ ਗਏ ਅਤੇ ਅੱਜ ਕੱਲ ਉੱਥੇ ਗੁਰਦੁਆਰਾ ਸਾਹਿਬ ਸਬੋਧਿਤ ਹਨ। ਜਿਵੇਂ ਕੁੰਮਾ ਮਾਸਕੀ ਛੰਨ, ਮੋਰਿੰਡਾ ਜੇਲ, ਸਰਹਿੰਦ/ ਫਤਿਹਗੜ੍ਹ ਸਾਹਿਬ, ਜੋਤੀ ਸਰੂਪ, ਠੰਢਾ ਬੁਰਜ, ਪਰਿਵਾਰ ਵਿਛੋੜਾ ਆਦਿ। 31 ਦਸੰਬਰ ਨੂੰ ਸਾਮ 5 ਵਜੇ ਤੋਂ ਰਾਤ ਦੇ 1 ਵਜੇ ਤੱਕ ਪ੍ਰੋਗਰਾਮ ਕੀਤੇ ਗਏ। ਜਿਸ ਚ ਭਾਈ ਹਰਪਿੰਦਰ ਸਿੰਘ ਅਤੇ ਭਾਈ ਪਰਮਿੰਦਰ ਸਿੰਘ ਵੱਲੋਂ ਕੀਰਤਨ ਦੌਰਾਨ ਭਾਰੀ ਗਿਣਤੀ ਚ ਸੰਗਤਾਂ ਨੇ ਹਿੱਸਾ ਲਿਆ ਤੇ ਗੁਰੂ ਦੀ ਹਜ਼ੂਰੀ ਚ ਨਵਾਂ ਸਾਲ ਚੜਾਇਆ। 5 ਜਨਵਰੀ 2025 ਨੂੰ ਵੱਖ ਵੱਖ ਉਮਰ ਦੇ 1,2,3 ਜਗਾਹ ਉੱਤੇ ਆਉਣ ਵਾਲੇ ਬੱਚਿਆ ਨੂੰ ਸਨਮਾਨਿਤ ਕੀਤਾ ਗਿਆ। 6 ਜਨਵਰੀ ਨੂੰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਮਨਾਏ ਗਏ ਤੇ ਅਖੰਡ ਪਾਠ 10 ਜਨਵਰੀ ਨੂੰ ਸ਼ੁਰੂ ਕਰਕੇ 12 ਨੂੰ ਭੋਗ ਪਾਏ ਜਾਣਗੇ

# ਫਰਾਂਸ ਦੇ ਸਾਬਕਾ ਰਾਸਟਰਪਤੀ ਸਰਕਾਰੀ ਗਬਨ ਦੇ ਦੋਸ਼ਾਂ ਵਿੱਚ ਘਿਰੇ



ਰੀਜਾਇਨਾ ( ਪੰਜਾਬੀ ਅਖ਼ਬਾਰ ਬਿਊਰੋ) ਫਰਾਂਸ ਦੇ ਸਾਬਕਾ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਵੱਲੋਂ 2007 ਵਿੱਚ ਰਾਸ਼ਟਰਪਤੀ ਚੋਣਾਂ ਦੇ ਪ੍ਰਚਾਰ ਲਈ ਲਿਬੀਆ ਦੇ ਤਤਕਾਲੀ ਸ਼ਾਸਕ ਮੁਆਮਰ ਗੱਦਾਫ਼ੀ ਦੀ ਸਰਕਾਰ ਤੋਂ ਕਥਿੱਤ ਪੈਸੇ ਲੈਣ ਦੇ ਮਾਮਲੇ ਵਿੱਚ ਮੁਕੱਦਮੇ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਸਰਕੋਜ਼ੀ ਸਾਲ 2007 ਤੋਂ 2012 ਦਰਮਿਆਨ ਫਰਾਂਸ ਦੇ ਰਾਸ਼ਟਰਪਤੀ ਸਨ। ਸਰਕੋਜ਼ੀ ਸੁਣਵਾਈ ਲਈ ਅਦਾਲਤ ਵਿੱਚ ਪਹੁੰਚੇ, ਪਰ ਉਨ੍ਹਾਂ ਮੀਡੀਆ ਨਾਲ ਗੱਲਬਾਤ ਨਹੀਂ ਕੀਤੀ। ਉਂਝ ਸਾਬਕਾ ਰਾਸ਼ਟਰਪਤੀ ਨੇ ਆਪਣੇ 'ਤੇ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਸਰਕੋਜ਼ੀ ਕਈ ਵਿਵਾਦਾਂ ਵਿੱਚ ਘਿਰੇ ਹਨ ਤੇ ਲਿਬੀਆ ਦਾ ਮਾਮਲਾ ਸਭ ਤੋਂ ਵੱਡਾ ਤੇ ਹੈਰਾਨ ਕਰਨ ਵਾਲਾ ਹੈ। ਇਸ ਮਾਮਲੇ ਵਿੱਚ 10 ਅਪਰੈਲ ਤੱਕ ਸੁਣਵਾਈ ਹੋਵੇਗੀ ਤੇ ਉਸ ਮਗਰੋਂ ਫੈਸਲਾ ਆਉਣ ਦੀ ਉਮੀਦ ਹੈ। ਸਰਕੋਜ਼ੀ ਉੱਤੇ ਭ੍ਰਿਸ਼ਟਾਚਾਰ, ਚੋਣ ਪ੍ਰਚਾਰ ਦੌਰਾਨ ਗੈਰਕਾਨੂੰਨੀ ਤਰੀਕੇ ਨਾਲ ਪੈਸੇ ਲੈਣ, ਸਰਕਾਰੀ ਪੈਸੇ ਦੇ ਗਬਨ ਨੂੰ ਲੁਕਾਉਣ ਤੇ ਅਪਰਾਧਕ ਗੰਢਤੁਪ ਦੇ ਦੋਸ਼ ਹਨ। ਦੋਸ਼ੀ ਕਰਾਰ ਦਿੱਤੇ ਜਾਣ 'ਤੇ ਸਾਬਕਾ ਰਾਸ਼ਟਰਪਤੀ ਨੂੰ 10 ਸਾਲ ਦੀ ਸਜ਼ਾ ਹੋ ਸਕਦੀ ਹੈ।














# ਮੁੰਬਈ ਅੱਤਵਾਦੀ ਹਮਲਿਆਂ ਦੇ ਦੋਸ਼ੀ ਤਹੱਵੁਰ ਰਾਣਾ ਨੂੰ ਛੇਤੀ ਹੀ ਭਾਰਤ ਹਵਾਲੇ ਕੀਤਾ ਜਾ ਸਕਦਾ ਹੈ

ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਸਾਲ 2008 ਦੇ ਮੁੰਬਈ ਅੱਤਵਾਦੀ ਹਮਲਿਆਂ ਦੇ ਇੱਕ ਦੋਸ਼ੀ ਪਾਕਿਸਤਾਨੀ-ਕੈਨੇਡੀਅਨ ਤਹੱਵੁਰ ਰਾਣਾ ਨੂੰ ਛੇਤੀ ਹੀ ਭਾਰਤ ਹਵਾਲੇ ਕੀਤਾ ਜਾ ਸਕਦਾ ਹੈ। ਕੌਮੀ ਜਾਂਚ ਏਜੰਸੀ (ਐੱਨਆਈਏ) ਅਤੇ ਮੁੰਬਈ ਪੁਲੀਸ ਦੀ ਅਪਰਾਧ ਸ਼ਾਖਾ ਨੇ ਇਸ ਦੀ ਪੁਸ਼ਟੀ ਕੀਤੀ ਹੈ। ਅਮਰੀਕਾ ਦੀ ਇੱਕ ਸੰਘੀ ਅਪੀਲ ਅਦਾਲਤ ਵੱਲੋਂ ਪਿਛਲੇ ਸਾਲ ਅਗਸਤ 'ਚ ਰਾਣਾ ਦੀ ਅਪੀਲ ਖਾਰਜ ਕੀਤੇ ਜਾਣ ਮਗਰੋਂ ਹਵਾਲਗੀ ਪ੍ਰਕਿਰਿਆ ਤੇਜ਼ ਕਰ ਦਿੱਤੀ ਗਈ ਹੈ। ਕੈਲੀਫੋਰਨੀਆ ਆਧਾਰਿਤ ਨਾਈਂਨਥ ਸਰਕਟ ਕੋਰਟ ਆਫ਼ ਅਪੀਲਜ਼ ਨੇ ਹੇਠਲੀ ਸੰਘੀ ਅਦਾਲਤ ਦੇ ਹਵਾਲਗੀ ਦੀ ਮਨਜ਼ੂਰੀ ਸਬੰਧੀ ਸੁਣਾਏ ਫ਼ੈਸਲੇ ਨੂੰ ਬਹਾਲ ਰੱਖਿਆ ਅਤੇ ਭਾਰਤ ਤੇ ਅਮਰੀਕਾ ਵਿੱਚ ਕਾਰ 1997 ਦੀ ਹਵਾਲਗੀ ਸੰਧੀ ਦਾ ਜ਼ਿਕਰ ਕੀਤਾ। ਸ਼ਿਕਾਗੋ 'ਚ ਰਹਿੰਦੇ ਕੈਨੇਡੀਅਨ ਨਾਗਰਿਕ ਰਾਣਾ ਨੂੰ 2009 'ਚ ਡੈਨਿਸ਼ ਅਖ਼ਬਾਰ ਨੂੰ ਬੰਬ ਨਾਲ ਉਡਾਉਣ ਦੀ ਸਾਜ਼ਿਸ਼ ਦੇ ਦੋਸ਼ ਹੇਠ ਅਮਰੀਕਾ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੇ ਪੈਗੰਬਰ ਮੁਹੰਮਦ ਦੀ ਇਤਰਾਜ਼ਯੋਗ ਤਸਵੀਰ ਪ੍ਰਕਾਸ਼ਿਤ ਕੀਤੀ ਸੀ। ਉਹ ਸ਼ਿਕਾਗੋ ਸੰਘੀ ਅਦਾਲਤ 'ਚ ਡੈਨਿਸ਼ ਕੇਸ, ਲਸ਼ਕਰ ਨੂੰ ਹਮਾਇਤ ਦੇਣ ਅਤੇ 26/11 ਮੁੰਬਈ ਹਮਲਿਆਂ ਲਈ ਸਾਜ਼ਿਸ਼ ਘੜਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਉਸ ਨੂੰ ਮੁੰਬਈ ਹਮਲੇ ਦੇ ਦੋਸ਼ ਤੋਂ ਬਰੀ ਕਰ ਦਿੱਤਾ ਗਿਆ ਸੀ ਪਰ ਬਾਕੀ ਦੋ ਮਾਮਲਿਆਂ 'ਚ ਉਸ ਨੂੰ 14 ਵਰ੍ਹਿਆਂ ਦੀ ਸਜ਼ਾ ਹੋਈ ਹੈ।
















# ਕਲਮ 5ਆਬ ਦੀ ਸਾਹਿਤਕ ਮਿਲਣੀ ਸਾਹਿਤਕ ਮਹਿਕਾਂ ਬਿਖੇਰਦਾ ਯਾਦਗਾਰੀ ਹੋ ਨਿਬੜਿਆ

## ➢ ਗੀਤ ਹਾਲ ਪੰਜਾਬ ਦਾ ਅਤੇ ,ਸਿਮਰਨ, ਨਾਂਅ ਦੀ ਕਿਤਾਬ ਵੀ ਕੀਤੀ ਲੋਕ ਅਰਪਣ ➢ ਕਲਮ 5ਆਬ ਦੀ ਵੱਲੋਂ 15 ਫ਼ਰਵਰੀ 2025 ਨੂੰ ਲੁਧਿਆਣਾ ਦੇ ਗੁਜਰਾਂਵਾਲਾ ਕਾਲਜ਼ ਚ ਕੀਤਾ ਜਾ ਰਿਹਾ ਸਾਹਿਤਕ ਸਮਾਗਮ: ਸੁਰਜੀਤ ਵਿਰਕ





ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ)ਕੈਲਗਰੀ ਵਿਖੇ ਸਨੀ ਸਵੈਚ ਵੱਲੋਂ ਆਪਣੇ ਘਰ ਦੇ ਵਿਹੜੇ ,ਚ ਕਲਮ 5ਆਬ ਸਾਹਿਤਕ ਮਿਲਣੀ ਦਾ ਆਯੋਜਿਨ ਸੰਸਥਾਪਕ ਸੁਰਜੀਤ ਸਿੰਘ ਵਿਰਕ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ। ਸਾਹਿਤਕ ਮਿਲਣੀ ਚ ਦਰਜਨਾਂ ਕਵੀਆਂ ਨੇ ਆਪੋ ਆਪਣੀਆਂ ਕਵਿਤਾਵਾਂ, ਗ਼ਜ਼ਲਾਂ,ਗੀਤ, ਹਾਸ ਵਿਅੰਗ ਰਚਨਾਵਾਂ ਦੀ ਪੇਸ਼ਕਾਰੀ ਕੀਤੀ ਗਈ। ਸਾਹਿਤਕ ਮਿਲਣੀ ਦੌਰਾਨ ਐਡਮਿੰਟਨ ਤੋਂ ਲੰਬਾ ਪੈਂਡਾ ਤੈਅ ਕਰਕੇ ਵਿਸ਼ੇਸ਼ ਤੌਰ ਤੇ ਗੀਤਕਾਰ ਭੁਪਿੰਦਰਪਾਲ ਸਿੰਘ ਰੰਧਾਵਾ ਅਤੇ ਪੰਜਾਬ ਦੇ ਬਠਿੰਡਾ ਦੇ ਪਿੰਡ ਦਿਉਣ ਤੋਂ ਪੱਤਰਕਾਰ ਲੇਖਕ ਤੇ ਫ਼ਿਲਮਕਾਰ ਗੁਰਨੈਬ ਸਾਜਨ ਨੇ ਸ਼ਿਰਕਤ ਕੀਤੀ। ਸਾਹਿਤਕ ਮਿਲਣੀ ਦੀ ਸ਼ੁਰੂਆਤ ਮੌਕੇ ਉੱਘੇ ਹਾਂਸ ਵਿਅੰਗਕਾਰ ਸਨੀ ਸਵੈਚ ਵੱਲੋਂ ਵਿਅੰਗਮਈ ਪੇਸ਼ਕਾਰੀ ਅਤੇ ਕੁਲਦੀਪ ਚਾਨੀ ਵੱਲੋਂ ਮੁਹੱਬਤਾਂ ਦੀ ਬਾਤ ਪਾਉਂਦੀ ਨਜ਼ਮ ਦੀ ਪੇਸ਼ਕਾਰੀ ਕੀਤੀ ਅਤੇ ਮੰਚ ਸੰਚਾਲਨ ਬਾਖੂਬੀ ਨਾਲ ਨਿਭਾਇਆ ਗਿਆ।

ਇਸ ਸਾਹਿਤਕ ਮਿਲਣੀ ਚ ਦਰਜਨਾਂ ਕਵੀਆਂ ਨੇ ਭਾਗ ਲਿਆ ।ਸਨੀ ਸਵੈਚ ਨੇ ਇਸ ਸੰਸਥਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 14 ਫਰਵਰੀ ਸਾਲ 2018 ਚ ਸੰਸਥਾਪਕ ਸੁਰਜੀਤ ਸਿੰਘ ਵਿਰਕ ਦੀ ਅਗਵਾਈ ਹੇਠ ਸ਼ੁਰੂਆਤ ਕੀਤੀ ਗਈ। ਇਸ ਸਾਹਿਤਕ ਸੰਸਥਾ ਚ ਇਕੱਤੀ ਹਜ਼ਾਰ ਤੋਂ ਵੱਧ ਦੇਸ਼ ਵਿਦੇਸ਼ ਤੋਂ ਮੈਂਬਰ ਹਨ, ਭਾਵੇਂ ਕਿ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਦੀ ਬੜੀ ਰੁਝੇਵਿਆਂ ਭਰੀ ਜਿੰਦਗੀ ਹੈ ਪਰ ਫਿਰ ਵੀ ਉਹ ਪੂਰੇ ਕੈਨੇਡਾ ਚ ਮਿੰਨੀ ਪੰਜਾਬ ਵਸਾਈ ਬੈਠੇ ਹਨ ਅਤੇ ਮਾਂ ਬੋਲੀ ਪੰਜਾਬੀ, ਪੰਜਾਬੀ ਵਿਰਸੇ ਨੂੰ ਪ੍ਰਣਾਕੇ ਆਪਣੇ ਬੱਚਿਆਂ ਨੂੰ ਵੀ ਮਾਂ ਬੋਲੀ ਨਾਲ ਤੇ ਸਾਡੇ ਅਮੀਰ ਸੱਭਿਆਚਾਰ ਨਾਲ ਜੋੜ ਰਹੇ ਹਨ। ਇਸ ਸਾਹਿਤਕ ਮਿਲਣੀ ਵਿੱਚ ਪਹੁੰਚੇ ਕਵੀ ਜਨਾਂ ਅਤੇ ਮਹਿਮਾਨਾਂ ਨੂੰ ਉਹਨਾਂ ਨੇ ਜੀ ਆਇਆਂ ਨੂੰ ਆਖਿਆ। ਇਸ ਮੌਕੇ ਸੰਸਥਾ ਦੇ ਸੰਸਥਾਪਕ ਸੁਰਜੀਤ ਸਿੰਘ ਵਿਰਕ ਨੇ ਦੱਸਿਆ ਕਿ ਆਪਣੀ ਸਾਹਿਤਕ ਸੰਸਥਾ ਜਰੀਏ ਅਸੀਂ ਸਮੇਂ ਸਮੇਂ ਤੇ ਮਾਂ ਬੋਲੀ ਪੰਜਾਬੀ ਦੇ ਅਣਗੌਲੇ ਜਰਨੈਲਾਂ ਨੂੰ ਬੈਗਜੀਨ ਦੇ ਰੂਪ ਵਿੱਚ ਉਹਨਾਂ ਦੀ ਸ਼ਖਸੀਅਤ ਨੂੰ ਵਿਸ਼ੇਸ਼ ਤੌਰ ਤੇ ਸਮਰਪਿਤ ਕੀਤਾ ਜਾਂਦਾ ਹੈ, ਜਿਵੇਂ ਅਸੀਂ ਆਪਣੀ ਸੰਸਥਾ ਦੇ ਮੈਗਜੀਨ ਵਿੱਚ ਕਨੇਡਾ ਤੋਂ ਬੱਬਰ ਬੱਬਰਾਂ ਦੀ ਰਹਿਣ ਵਿੱਚ ਯੋਗਦਾਨ ਪਾਉਣ ਵਾਲੇ ਸ਼ਹੀਦ ਕਰਤਾਰ ਸਿੰਘ ਸਰਾਭਾ, ਮਹਾਰਾਜਾ ਰਣਜੀਤ ਸਿੰਘ ਅਤੇ ਮਘਦਾ ਰਹੀਂਵੇ ਸੂਰਜਾ ਕਮੀਆਂ ਦੇ ਵੇੜੇ ਦੇ ਰਚਨਕਾਰ ਸੰਤ ਰਾਮ ਉਦਾਸੀ ਨੂੰ ਸਮਰਪਿਤ ਮੈਗਜੀਨ ਕੱਢ ਚੁੱਕੇ ਹਾਂ ਜੋ ਕਿ ਆਪਣੀ ਵੱਲੋਂ ਮੁਫਤ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਵੰਡੇ ਜਾ ਚੁੱਕੇ ਹਨ, ਇਸ ਤੋਂ ਇਲਾਵਾ ਬੱਚਿਆਂ ਨੂੰ ਦਸਤਾਰਾਂ ਅਤੇ ਧਾਰਮਿਕ ਕਿਤਾਬਾਂ ਦੇਣ ਦੇ ਨਾਲ ਨਾਲ ਉਹਨਾਂ ਨੂੰ ਸਾਹਿਤਕ, ਧਾਰਮਿਕ, ਸੱਭਿਆਚਾਰਕ ਰੁਚੀਆਂ ਨਾਲ ਜੋੜਿਆ ਜਾਂਦਾ ਹੈ। ਦੁਨੀਆਂ ਭਰ ਚੋਂ ਸਾਡੇ ਵੱਖ-ਵੱਖ ਗਰੁੱਪਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਮੈਂਬਰ ਜੁੜੇ ਹੋਏ ਹਨ। । ਉਹਨਾਂ ਕਿਹਾ ਕਿ ਵਿਅਕਤੀਗਤ ਤੌਰ ਤੇ ਸਾਲ ਵਿੱਚ ਬਹੁਤ ਘੱਟ ਪ੍ਰੋਗਰਾਮ ਕਰਵਾਏ ਜਾਂਦੇ ਹਨ ਪਰ ਆਨਲਾਈਨ ਗਰੁੱਪਾਂ ਵਿੱਚ ਸਰਗਰਮੀਆਂ ਚੱਲਦੀਆਂ ਰਹਿੰਦੀਆਂ ਹਨ। ਇਸ ਮੌਕੇ ਉਹਨਾਂ ਗੀਤਕਾਰ ਭੁਪਿੰਦਰ ਪਾਲ ਸਿੰਘ ਰੰਧਾਵਾ ਅਤੇ ਗੁਰਨੈਬ ਸਾਜਨ ਦਿਉਣ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਇਸ ਦੌਰਾਨ ਪੰਜਾਬੀ ਅਖ਼ਬਾਰ ਦੇ ਸਾਲਾਂ ਬੱਧੀ ਲਗਾਤਾਰਤਾ ਨਾਲ ਛਪ ਰਹੇ ਕਾਲਮ ਉਹ ਵੇਲਾ ਯਾਦ ਕਰ ਵਾਲੇ ਡਾਕਟਰ ਬਲਵਿੰਦਰ ਕੌਰ ਬਰਾੜ ਨੇ ਦਸੰਬਰ ਮਹੀਨੇ ਦੇ ਆਖਰੀ ਦਿਨਾਂ ਨੂੰ ਸਹਾਦਤਾਂ ਦੇ ਰੰਗ ਵਿੱਚ ਰੰਗੇ ਹੋਣ ਦਾ ਚੇਤਾ ਕਰਵਾਉਂਦਿਆਂ ਆਪਣੀ ਹਾਜਰੀ ਲਗਵਾਈ। ਐਡਮਿੰਟਨ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਭੁਪਿੰਦਰਪਾਲ ਸਿੰਘ ਰੰਧਾਵਾ ਜਿਨ੍ਹਾਂ ਦਾ ਲਿਖਿਆ ਗੀਤ ਗਾਇਕ ਸੁਖਸ਼ਿੰਦਰ ਸ਼ਿੰਦਾ ਦੀ ਆਵਾਜ਼ ਵਿੱਚ ,ਹਾਲ ਪੰਜਾਬ ਦਾ, ਇਹਨੀ ਦਿਨੀਂ ਖੂਬ ਚਰਚਾ ਵਿੱਚ ਹੈ,ਨੇ ਵੀ ਮੰਚ ਉੱਪਰੋਂ ਬੁਲੰਦ ਆਵਾਜ਼ ਰਾਹੀਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਗੀਤ ਨਾਲ ਹਾਜਰੀ ਲਗਵਾਈ। ਪੰਜਾਬ ਤੋਂ ਆਏ ਪੱਤਰਕਾਰ ਅਤੇ ਫ਼ਿਲਮਕਾਰ ਗੁਰਨੈਬ ਸਾਜਨ ਦਿਉਣ ਨੇ ਪੰਜਾਬ ਦੇ ਦੁਖਾਂਤ ਨੂੰ ਬਿਆਨਦੀ ਕਵੀਸ਼ਰੀ ,ਚਿੱਟੇ ਨੇ ਗੱਭਰੂ ਮਾਰੇ,ਰਾਹੀਂ ਹਾਜਰੀ ਲਗਵਾਈ ਅਤੇ ਸੰਸਥਾ ਵੱਲੋਂ ਉਹਨਾਂ ਦੀ ਪਲੇਠੀ ਵਾਰਤਕ ਪੁਸਤਕ ,ਸਿਮਰਨ, ਲੋਕ ਅਰਪਣ ਕੀਤੀ ਗਈ, ਆਪਣੀ ਜ਼ਜਬਾਤੀ ਜਾਣ ਪਹਿਚਾਣ ਅਤੇ ਕਵੀਸ਼ਰੀ ਰੰਗ ਦੀ ਪੇਸ਼ਕਾਰੀ ਬਦਲੇ ਹਾਜ਼ਰੀਨ ਵੱਲੋਂ ਵੱਡੀ ਵਾਹ ਵਾਹ ਗੁਰਨੈਬ ਸਾਜਨ ਦਿਉਣ ਦੇ ਹਿੱਸੇ ਆਈ। ਵੱਡੀ ਗੱਲ ਇਹ ਕਿ ਜਿੰਨੀਆਂ ਕੁ ਕਿਤਾਬਾਂ ਮੌਕੇ ਤੇ ਗੁਰਨੈਬ ਸਾਜਨ ਦੇ ਕੋਲ ਸਨ ਹਾਜ਼ਰੀਨ ਨੇ ਵੱਡੀ ਹੌਂਸਲਾਮਈ ਕੀਮਤ ਅਦਾ ਕਰਦਿਆਂ ਮੌਕੇ ਉੱਪਰ ਹੀ ਖਰੀਦ ਲਈਆਂ ਅਤੇ ਜਿਹਨਾਂ ਨੂੰ ਨਹੀਂ ਮਿਲ ਸਕੀਆਂ ਉਹਨਾਂ ਨੇ ਅਗਲੀ ਸ਼ਿੱਪਮੈਂਟ ਲਈ ਪਹਿਲਾਂ ਹੀ ਬੁੱਕ ਕਰਵਾ ਦਿੱਤੀਆਂ । ਸਾਹਿਤਕ ਸਰਗਰਮੀਆਂ ਵਿਚ ਰੁਚੀਆਂ ਰੱਖਣ ਵਾਲੇ ਨੌਜਵਾਨ ਸਿਕੰਦਰ ਸਿੰਘ ਜੋ ਕਿ ਕੈਲਗਰੀ ਵਿੱਚ ਪੰਜਾਬੀ ਪਾਠਕਾਂ ਲਈ ਗਾਹੇ ਬਗਾਹੇ ਕਿਤਾਬਾਂ ਦੀਆਂ ਸਟਾਲਾਂ ਵੀ ਲਗਾਉਂਦਾ ਰਹਿੰਦਾ ਹੈ ਨੇ ਆਪਣੀ ਰਚਨਾ ਵੀ ਸੁਣਾਈ ਅਤੇ ਵੱਧ ਤੋਂ ਵੱਧ ਸਾਹਿਤ ਪੜ੍ਹਨ ਦੀ ਆਦਤ ਪਾਉਣ ਲਈ ਵੀ ਬੇਨਤੀ ਕੀਤੀ। ਸਾਹਿਤਕ ਮਿਲਣੀ ਚ ਪਹੁੰਚੀਆਂ ਸ਼ਾਇਰਾ ਅਤੇ ਕਵਿੱਤਰੀਆਂ ਵੱਲੋਂ ਵੀ ਆਪਣੀਆਂ ਰਚਨਾਵਾਂ ਰਾਹੀਂ ਭਰਵੀਂ ਹਾਜ਼ਰੀ ਲਗਵਾਈ ਗਈ।ਇਸ ਤੋਂ ਇਲਾਵਾ ਅਵਤਾਰ ਸਿੱਧੂ, ਇੰਦਰਜੀਤ ਸਿੰਘ ਢਿੱਲੋਂ,ਸਰਵਜੀਤ ਕੌਰ ਉੱਪਲ,ਦੀਪ ਬਰਾੜ ਲੰਡੇ,ਹਰਮੰਦਰ ਸਿੰਘ ਨੇ ਮੰਚ ਤੋਂ ਆਪੋ ਆਪਣੀਆਂ ਰਚਨਾਵਾਂ ਨਾਲ ਹਾਜਿਰੀ ਲਗਵਾਈ। ਸਨੀ ਸਵੈਚ ਵੱਲੋਂ ਵਿਅੰਗਆਤਮਿਕ ਪੇਸ਼ਕਾਰੀ ਅਤੇ ਆਪਣੇ ਹੀ ਘਰ ਅੰਦਰ ਐਡੀ ਵੱਡੀ ਕਲਮੀ ਮਹਿਫ਼ਲ ਸਜਾਉਣ ਦੀ ਸਾਰਿਆਂ ਨੇ ਦਾਦ ਦਿੱਤੀ।



# ਸਭ ਤੋਂ ਔਖਾ ਹੁੰਦਾ ਹੈ ਚਿਰਾਂ ਤੋਂ ਬੰਦ ਪਏ ਘਰ ਦਾ ਕੁੰਡਾ ਖੋਲ੍ਹਣਾ- ਸੁਰਿੰਦਰ ਗੀਤ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਸਿੱਖ ਕੌਸ਼ਲ ਆਫ਼ ਆਰਗੇਨਾਈਜੇਸਨਜ਼ ਦੇ ਹਾਲ ਵਿੱਚ ਹੋਈ। ਪਰਵਾਸ ਬਾਰੇ ਗੱਲ ਕਰਦਿਆਂ ਸੁਰਿੰਦਰ ਗੀਤ ਨੇ ਕਿਹਾ ਕਿ ਸਭ ਤੋਂ ਔਖਾ ਹੁੰਦਾ ਹੈ ਚਿਰਾਂ ਤੋਂ ਬੰਦ ਪਏ ਘਰ ਦਾ ਕੁੰਡਾ ਖੋਲ੍ਹਣਾ। ਡਿੱਗੀਆਂ ਛੱਤਾਂ ਤੇ ਵਿਹੜੇ ਵਿੱਚ ਉੱਗਿਆ ਗੋਡੇ ਗੋਡੇ ਘਾਹ ਭਰੀਆਂ ਅੱਖਾਂ ਨਾਲ ਵੇਖੀ ਜਾਣਾ ਅਤੇ ਕੁਝ ਨਾ ਕਹਿਣਾ। ਉਸਨੇ ਆਪਣੀ ਤਾਜ਼ਾ ਭਾਰਤ-ਫੇਰੀ ਸਮੇਂ ਹੋਈਆਂ ਸਾਹਿਤਕ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਉਸਨੇ ਆਪਣੇ ਪਲੇਠੇ ਕਹਾਣੀ ਸੰਗ੍ਰਹਿ 'ਤੋਹਫ਼ਾ' ਦਾ ਹਿੰਦੀ ਅਤੇ ਅੰਗਰੇਜ਼ੀ ਵਿਚ ਅਨੁਵਾਦ ਹੋਣ ਤੇ ਆਪਣੇ ਮਨ ਦੀ ਖੁਸ਼ੀ ਤੇ ਤਸੱਲੀ ਦਾ ਵਰਨਣ ਕੀਤਾ। ਅੰਗਰੇਜ਼ੀ ਅਨੁਵਾਦ ਦਿੱਲੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵਿੱਚ ਲੋਕ-ਅਰਪਣ ਹੋਣਾ ਅਤਿਅੰਤ ਮਾਣ ਵਾਲੀ ਗੱਲ ਹੈ। ਇਸ ਪੁਸਤਕ ਤੇ ਪ੍ਰੋ। ਰਾਜ ਕੁਮਾਰ, ਪ੍ਰੋ। ਅਨਿਲ ਕੁਮਾਰ ਅਤੇ ਉੱਘੇ ਨਾਮਵਰ ਲੇਖਕ ਮਾਧੋਪੁਰੀ ਨੇ ਬਹੁਤ ਪ੍ਰਭਾਵਸ਼ਾਲੀ ਟਿਪਣੀਆਂ ਕੀਤੀਆਂ। ਇਸ ਤੋਂ ਇਲਾਵਾ ਸੁਰਿੰਦਰ ਗੀਤ ਨੇ ਆਪਣੀਆਂ ਤਿੰਨ ਛੋਟੀਆਂ ਨਜ਼ਮਾਂ ਪੇਸ਼ ਕੀਤੀਆਂ। ਜਗਦੇਵ ਸਿੱਧੂ ਨੇ ਦੱਸਿਆ ਕਿ ਸੁਰਿੰਦਰ ਗੀਤ ਦੁਆਰਾ ਰਚੇ ਸਾਹਿਤ ਬਾਰੇ ਚੋਟੀ ਦੇ ਵਿਦਵਾਨ ਲੇਖਕਾਂ ਆਲੋਚਨਾ ਦੀਆਂ ਪੰਜ ਪੁਸਤਕਾਂ ਦਾ ਛਪਣਾ ਲੇਖਿਕਾ ਦੀ ਆਸਾਧਾਰਣ ਪ੍ਰਾਪਤੀ ਹੈ। ਉਸਦਾ ਕਾਵਿ-ਸੰਗ੍ਰਹਿ 'ਸ਼ਬਦ ਸੁਨੱਖੇ' ਕੇਂਦਰੀ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼ , ਧਰਮਸ਼ਾਲਾ ਅਤੇ ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ ਬੀਕਾਨੇਰ, ਰਾਜਸਥਾਨ ਵਿਚ ਸਿਲੇਬਸ (ਐਮ। ਏ ।ਪੰਜਾਬੀ) ਦਾ ਹਿੱਸਾ ਹਨ। ਸੁਰਿੰਦਰ ਗੀਤ ਦੀ ਇਸ ਪ੍ਰਾਪਤੀ ਤੇ ਉਹਨਾਂ ਪੰਜਾਬੀ ਸਾਹਿਤ ਸਭਾ ਕੈਲਗਰੀ ਨੂੰ ਵਧਾਈ ਦਿੱਤੀ। ਇਸ ਤੋਂ ਇਲਾਵਾ ਜਗਦੇਵ ਸਿੱਧੂ ਨੇ ਮੁਗਲ-ਕਾਲ ਦੇ ਆਰੰਭ ਅਤੇ ਪਤਨ ਨੂੰ ਗੁਰੂ-ਕਾਲ ਦੇ ਆਰੰਭ ਅਤੇ ਵਿਕਾਸ ਨਾਲ ਜੋੜ ਕੇ ਸ਼ਹਾਦਤਾਂ ਨੂੰ ਨਵੇਂ ਪਰਿਪੇਖ ਵਿਚ ਪੇਸ਼ ਕੀਤਾ। ਮੰਚ ਉਪਰੋਂ ਸੁਖਮੰਦਰ ਗਿੱਲ,ਸਰਦੂਲ ਸਿੰਘ ਲੱਖਾ, ਸਰਬਜੀਤ ਕੌਰ, ਪ੍ਰੋ:ਬਲਦੇਵ ਸਿੰਘ ਦੁੱਲਟ, ਗੁਰਰਾਜ ਸਿੰਘ ਵਿਰਕ,ਮਨਜੀਤ ਬਰਾੜ ਨੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਹਾਜ਼ਿਰੀ ਲਗਵਾਈ । ਮੰਚ ਸੰਚਾਲਨ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਜਰਨੈਲ ਸਿੰਘ ਤੱਗੜ ਨੇ ਬਹੁਤ ਵਧੀਆ ਢੰਗ ਨਾਲ ਨਿਭਾਇਆ।

# ਮਨਮੋਹਨ ਸਿੰਘ ਦੇ ਅਕਾਲ ਚਲਾਣੇ ਉੱਪਰ ਦੁੱਖ ਦਾ ਪ੍ਰਗਟਾਵਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ: ਮਨਮੋਹਨ ਸਿੰਘ ਦੇ ਅਕਾਲ ਚਲਾਣੇ ਉੱਪਰ ਦੁਨੀਆਂ ਭਰ ਅੰਦਰ ਸੋਗ ਦੀ ਲਹਿਰ ਹੈ । ਕੈਲਗਰੀ ਵਿਖੇ ਦਸਮੇਸ ਕਲਚਰਲ ਸੀਨੀਅਰ ਸਿਟੀਜਨ ਸੁਸਾਇਟੀ ਵੱਲੋਂ ਵੀ ਅੱਜ ਇੱਕ ਮਿੰਟ ਦਾ ਮੋਨ ਧਾਰਕੇ ਵਿਛੜੇ ਸ: ਮਨਮੋਹਨ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸੰਸਥਾ ਦੇ ਪ੍ਰਧਾਨ ਸ: ਵਰਿੰਦਰਜੀਤ ਸਿੰਘ ਭੱਟੀ ਨੇ ਸਵ: ਮਨਮੋਹਨ ਸਿੰਘ ਦੀਆਂ ਦੇਸ਼ ਨੂੰ ਦਿੱਤੀਆਂ ਸੇਵਾਵਾਂ ਨੂੰ ਚੇਤੇ ਕਰਦਿਆਂ ਲੋਕ ਮਨਾਂ ਵਿੱਚ ਵਸਿਆ ਹੋਇਆ ਮਨੁੱਖ ਕਰਾਰ ਦਿੱਤਾ।

ਇਸ ਮੌਕੇ ਸੈਕਟਰੀ ਸਤਿੰਦਰ ਸਿੰਘ ਮਿੱਠੀ, ਨਿਸ਼ਾਨ ਸਿੰਘ ਢਿੱਲੋਂ ਖਜਾਨਚੀ, ਪਰੀਤਮ ਸਿੰਘ ਕਾਹਲੋਂ, ਬਲਦੇਵ ਸਿੰਘ ਗਿੱਲ,ਨਿਰਮਲ ਸਿੰਘ ਸੰਘਾ, ਇੰਦਰਜੀਤ ਸਿੰਘ ਧਾਲੀਵਾਲ, ਅਤੇ ਦਸਮੇਸ ਕਲਚਰਲ ਸੀਨੀਅਰ ਸਿਟੀਜਨ ਸੁਸਾਇਟੀ ਕੈਲਗਰੀ ਦੇ ਹੋਰ ਬਹੁਤ ਸਾਰੇ ਮੈਂਬਰ ਵੀ ਮੌਜੂਦ ਸਨ।

TAJ FURNACE CLEANING
We do Furnace & Carpet Cleaning
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ
403-672-4500
tajfurnacecleaning@gmail.com
20 Saddleland Crt NE. Calgary AB T3J 5J5

Punjab Land Documents Writer (Regd.)
ਸਿਵਲ ਕੋਰਟਸ ਵਿੱਚ 35 ਸਾਲ ਕੀਤੇ ਕੰਮਾਂ ਦੇ ਤਜ਼ਰਬੇਕਾਰ
ਇੰਡੀਆ ਦੀਆਂ ਜ਼ਮੀਨਾਂ (PROPERTIES) ਦੇ ਡਾਕੂਮੈਂਟਸ/ ਵਸੀਕੇ ਤਸੱਲੀ ਬਖਸ਼ ਲਿਖੇ ਅਤੇ ਤਸਦੀਕ ਕੀਤੇ ਜਾਂਦੇ ਹਨ।
1.ਮੁਖਤਿਆਰਨਾਮੇ/Power of Attorney, ਵਸੀਅਤ/Will, ਪ੍ਰਾਪਟੀ ਟਰਾਂਸਫਰ, ਕੇਸ ਪੈਰਵੀਂ, ਤਕਸੀਮ-ਵੰਡ, ਬੈਂਕ ਲਿਮਟਾਂ, Affidavit, ਇੱਕਰਾਰਨਾਮੇ ਅਤੇ ਹਰ ਤਰ੍ਹਾਂ ਦੀਆਂ ਰਜਿਸਟਰੀਆਂ ਦੇ ਕੰਮ।
2.ਫਰਦਾਂ, ਨਕਲਾਂ, ਇੰਤਕਾਲ ਨਾਮ, ਮੋਟਰ ਕੁਨੈਕਸ਼ਨ, ਮੈਰਿਜ ਸਰਟੀਫਕੇਟ ਆਦਿ।
3.ਅਦਾਲਤੀ/ Court ਦੇ ਕੰਮਾਂ (ਕੇਸਾਂ ਬਾਰੇ) ਸਲਾਹ, ਜਾਣਕਾਰੀ।
ਕੈਨੇਡਾ ਬੈਠੇ ਇੰਡੀਆਂ ਦੀਆਂ ਪ੍ਰਾਪਟੀਜ਼ ਦੇ ਸਾਰੇ ਕੰਮ ਕਰਵਾ ਸਕਦੇ ਹੋ।
AVTAR SINGH TOOR Office: 587- 581- 1313
DOCUMENTS WRITER & ATTESTATION
Unit # 2210, 4715, 88 AVE NE. CALGARY

COLD IRON TRUCK CENTER
SALE LEASING WARRANTY
WE BUY, WE SELL TRUCKS & TRAILERS
212 - 6958 76 Ave NW, Edmonton
+1-416-560-2250, +1-780-904-0005
www.coldirontrucks.com

# ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੀ ਮੀਟਿੰਗ ਸਹਾਦਤਾਂ ਨੂੰ ਸਿਜਦਾ ਕਰਦੀ ਰਹੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸ਼ੁੱਕਰਵਾਰ 27 ਦਿਸੰਬਰ ਨੂੰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਦੌਰਾਨ ਪੰਜ ਸੀਨੀਅਰ ਮੈਂਬਰਾਂ ਦੇ ਜਨਮ ਦਿਨ ਮਨਾਉਣ ਤੋਂ ਬਾਦ ਸਾਰਾ ਪ੍ਰੋਗਰਾਮ ਹੀ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸੀ। ਜਿਸ ਵਿੱਚ ਸੁਖਮਿੰਦਰ ਸਿੰਘ ਗਿੱਲ, ਸ਼ਮਿੰਦਰ ਸਿੰਘ ਤੇ ਸੁਰਜੀਤ ਕੌਰ ਕੰਮੋਅ, ਮਾਸਟਰ ਬਚਿੱਤਰ ਸਿੰਘ ਗਿੱਲ, ਸਤਪਾਲ ਕੌਸ਼ਲ, ਰਿਸ਼ੀ ਨਾਗਰ, ਜਰਨੈਲ ਸਿੰਘ ਤੱਗੜ, ਸੇਵਾ ਸਿੰਘ ਪ੍ਰੇਮੀ, ਮੁਨੱਵਰ ਅਹਿਮਦ, ਸੁਰਜੀਤ ਸਿੰਘ ਹੇਅਰ, ਬਿੱਕਰ ਸਿੰਘ ਸੰਧੂ ਅਤੇ ਪਰਬੇਸ਼ ਪਰਹਾਰ ਨੇ ਦਾਦੀ ਤੇ ਪੋਤਿਆਂ ਦੀ ਲਾਸਾਨੀ ਕੁਰਬਾਨੀ ਨੂੰ ਆਪਣੀਆਂ ਆਪਣੀਆਂ ਰਚਨਾਵਾਂ ਵਿੱਚ ਬੜੀ ਭਾਵੁਕਤਾ ਨਾਲ ਪੇਸ਼ ਕੀਤਾ। ਤਕਰੀਬਨ ਤਿੰਨ ਘੰਟੇ ਤੱਕ ਚੱਲੇ ਇਸ ਪ੍ਰੋਗਰਾਮ ਦਾ ਮਾਹੌਲ ਭਾਵੁਕ ਬਣਿਆ ਰਿਹਾ। ਅਖੀਰ ਵਿੱਚ ਸਮਾਪਤੀ ਮੌਕੇ ਸਾਰਿਆਂ ਲਈ ਖਾਣਾ ਪਰੋਸਿਆ ਗਿਆ।

# ਨਵੇਂ ਸਾਲ ਦਾ ਜਸ਼ਨ ਮਨਾਉਂਦੇ ਲੋਕਾਂ ਨੂੰ ਪਿੱਕ ਅੱਪ ਟਰੱਕ ਨੇ ਦਰੜਿਆ-15 ਮੌਤਾਂ

ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨ ਅਮਰੀਕਾ ਦੇ ਲੁਈਸਿਆਨਾ ਸੂਬੇ ਦੇ ਨਿਊ-ਰਲੀਨਜ਼ ਸ਼ਹਿਰ 'ਚ ਇਕ ਵਿਅਕਤੀ ਨੇ ਨਵੇਂ ਸਾਲ ਦਾ ਜਸ਼ਨ ਮਨਾ ਰਹੇ ਲੋਕਾਂ 'ਤੇ ਪਿਕਅੱਪ ਟਰੱਕ ਚਲਾ ਦਿੱਤਾ। ਇਸ 'ਚ 15 ਲੋਕਾਂ ਦੀ ਮੌਤ ਹੋ ਗਈ, ਜਦਕਿ 35 ਲੋਕ ਜ਼ਖਮੀ ਹੋ ਗਏ। ਹਮਲੇ ਦੇ ਵਕ਼ਤ ਸ਼ਹਿਰ ਦੀ ਸਭ ਤੋਂ ਵਿਅਸਤ ਬੋਰਬਨ ਸਟਰੀਟ 'ਤੇ ਹਜ਼ਾਰਾਂ ਲੋਕ ਜਸ਼ਨ ਮਨਾ ਰਹੇ ਸਨ। ਅਚਾਨਕ ਇੱਕ ਵਾਹਨ ਭੀੜ ਨੂੰ ਲਤਾੜਦਾ ਹੋਇਆ ਅੱਗੇ ਵਧਿਆ।ਇਸ ਉਪਰੰਤ ਭੇ ਭਗਦੜ ਮੱਚ ਗਈ। ਟੱਕਰ ਤੋਂ ਬਾਅਦ ਕਈ ਲੋਕ ਦੂਰ ਜਾ ਡਿੱਗੇ। ਇਸ ਤੋਂ ਬਾਅਦ ਇੱਕ ਵਿਅਕਤੀ ਇਸ ਤੋਂ ਹੇਠਾਂ ਉਤਰ ਗਿਆ। ਉਸ ਨੇ ਲੋਕਾਂ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਵਾਬੀ ਕਾਰਵਾਈ ਕਰਦਿਆਂ ਪੁਲਿਸ ਨੇ ਵੀ ਗੋਲੀ ਚਲਾ ਦਿੱਤੀ, ਜਿਸ ਨਾਲ ਹਮਲਾਵਰ ਮਾਰਿਆ ਗਿਆ। ਮੁਕਾਬਲੇ 'ਚ ਦੋ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋਏ ਹਨ। ਹਮਲਾਵਰ ਦੀ ਪਛਾਣ 42 ਸ਼ਮਸੂਦੀਨ ਜੱਬਾਰ ਵਜੋਂ ਹੋਈ ਹੈ। ਜਾਂਚ ਏਜੰਸੀਆਂ ਨੇ ਦੱਸਿਆ ਕਿ ਜੱਬਾਰ ਟੈਕਸਾਸ ਸੂਬੇ ਦਾ ਰਹਿਣ ਵਾਲਾ ਸੀ ਅਤੇ ਕਈ ਸਾਲਾਂ ਤੋਂ ਅਮਰੀਕੀ ਫੌਜ 'ਚ ਨੌਕਰੀ ਕਰਦਾ ਸੀ। ਪਿਕਅੱਪ ਟਰੱਕ ਵਿਚ ਹੋਨ ਇਸਲਾਮਿਕ ਸਟੇਟ ਦਾ ਝੰਡਾ, ਹਥਿਆਰ ਅਤੇ ਆਈਈਡੀ (ਇਮਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ) ਬਰਾਮਦ ਕੀਤੇ ਗਏ ਹਨ।ਪਹਿਲਾਂ ਅਮਰੀਕਾ ਦੀ ਜਾਂਚ ਏਜੰਸੀ ਐਫਬੀਆਈ ਦਾ ਮੰਨਣਾ ਸੀ ਕਿ ਇਸ ਹਮਲੇ ਵਿੱਚ ਕਈ ਹੋਰ ਲੋਕ ਸ਼ਾਮਿਲ ਹੋ ਸਕਦੇ ਹਨ ਪਰ ਹੁਣ ਐਫਬੀਆਈ ਵੱਲੋਂ ਕੀਤੀ ਗਈ ਪ੍ਰੈਸ ਕਾਨਫਰੰਸ ਵਿਚ ਦੱਸਿਆ ਗਿਆ ਹੈ ਕਿ ਇਸ ਹਮਲੇ ਲਈ ਇਹ ਵਿਅਕਤੀ ਇਕੱਲਾ ਹੀ ਜ਼ਿੰਮੇਵਾਰ ਸੀ ਪਰ ਉਹ ਇਸਲਾਮਕ ਸਟੇਟ ਦਾ ਮੈਂਬਰ ਸੀ ਰਾਸ਼ਟਰਪਤੀ ਜੋ ਬਾਈਡਨ ਨੇ ਵੀ ਇਸ ਵਿਅਕਤੀ ਦੇ ਇਸਲਾਮਿਕ ਸਟੇਟ ਤੋਂ ਪ੍ਰਭਾਵਿਤ ਹੋਣ ਬਾਰੇ ਬਿਆਨ ਜਾਰੀ ਕੀਤਾ ਹੈ।

## ਟਰੈਕਿੰਗ ਡਿਵਾਈਸ ਲੱਗੀ ਹੋਣ ਕਾਰਣ ਚੋਰੀ ਹੋਇਆ ਟਰੇਲਰ ਲੱਭ ਗਿਆ

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸੂਬੇ ਵਿੱਚ ਆਰਸੀਐਮਪੀ ਨੇ ਇੱਕ ਅਜਿਹੇ ਸਥਾਨ ਦਾ ਪਤਾ ਲਗਾ ਕੇ ਵੱਡੀ ਗਿਣਤੀ ਚ ਚੋਰੀ ਦਾ ਸਮਾਨ ਬਰਾਮਦ ਕੀਤਾ ਹੈ ਜੋ ਕਿ ਸੇਲ ਵਾਸਤੇ ਰੱਖਿਆ ਗਿਆ ਸੀ। ਆਰਸੀਐਮਪੀ ਦੇ ਅਧਿਕਾਰੀਆਂ ਨੇ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅਥਾਬਾਸਕਾ ਕਾਊਂਟੀ ਵਿੱਚ ਇਹ ਚੋਰੀ ਦਾ ਸਮਾਨ ਵੇਚਣ ਲਈ ਰੱਖਿਆ ਗਿਆ ਸੀ। ਸਟਾਫ ਸਾਰਜਟ ਮਾਰਕ ਹਾਲ ਨੇ ਦੱਸਿਆ ਕਿ ਚੋਰੀ ਹੋਏ ਇਸ ਸਮਾਨ ਦੇ ਵਿੱਚ ਕਈ ਸੈਮੀ ਟਰੱਕ, ਸੈਮੀ ਟਰੇਲਰ ਆਫ ਰੋਡ ਵਾਹਨ ਹੋਲੀਡੇ ਟਰੇਲਰ ਤੇ ਵੱਡੀਆਂ ਮਸ਼ੀਨਾਂ ਵੀ ਸ਼ਾਮਿਲ ਸਨ। ਅਸਲ ਵਿੱਚ ਚੋਰੀ ਦੇ ਇਸ ਸਮਾਨ ਦਾ ਪਤਾ ਤਾਂ ਲੱਗਾ ਕਿਉਂਕਿ ਇੱਕ ਵਿਅਕਤੀ ਜਿਸ ਦਾ ਟਰੇਲਰ ਚੋਰੀ ਹੋ ਗਿਆ ਸੀ ਉਸ ਨੇ ਉਸ ਵਿੱਚ ਟਰੈਕਿੰਗ ਡਿਵਾਈਸ ਲਗਾਈ ਹੋਈ ਸੀ।

## ਐਨਡੀਪੀ ਐਲਬਰਟਾ ਦੇ ਨਵੇਂ ਚੁਣੇ ਲੀਡਰ ਨਾਹੀਦ ਨੈਨਸ਼ੀ ਐਡਮੰਟਨ-ਸਟ੍ਰੈਥਕੌਨਾ ਤੋਂ ਉਮੀਦਵਾਰੀ ਲਈ ਨਾਮਜ਼ਦਗੀ ਭਰਨਗੇ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਐਨਡੀਪੀ ਦੇ ਨਵੇਂ ਚੁਣੇ ਗਏ ਲੀਡਰ ਨਾਹੀਦ ਨੈਨਸ਼ੀ ਦਾ ਕਹਿਣਾ ਹੈ ਕਿ ਉਹ ਐਡਮੰਟਨ ਹਲਕੇ ਤੋਂ ਉਮੀਦਵਾਰੀ ਲਈ ਆਪਣਾਂ ਨਾਮ ਪੇਸ਼ ਕਰਨਗੇ। ਐਡਮੰਟਨ-ਸਟ੍ਰੈਥਕੋਨਾ ਸੀਟ ਸਾਬਕਾ ਐਨਡੀਪੀ ਲੀਡਰ ਅਤੇ ਪ੍ਰੀਮੀਅਰ ਰੇਚਲ ਨੌਟਲੀ ਦੇ 30 ਦਸੰਬਰ ਤੋਂ ਅਸਤੀਫਾ ਦੇਣ ਤੋਂ ਬਾਅਦ ਖ਼ਾਲੀ ਹੋ ਗਈ ਸੀ। ਮੌਜੂਦਾ ਅਲਬਰਟਾ ਸਰਕਾਰ ਅੰਦਰ ਵਿਰੋਧੀ ਧਿਰ ਐਨਡੀਪੀ ਦੀ ਵਾਗਡੋਰ ਸੰਭਾਲਣ ਤੋਂ ਪਹਿਲਾਂ, ਨੈਨਸ਼ੀ ਇੱਕ ਦਹਾਕੇ ਤੋਂ ਵੱਧ ਸਮੇਂ ਤੱਕ ਕੈਲਗਰੀ ਦੇ ਮੇਅਰ ਰਹੇ ਹਨ। ਨੈਨਸ਼ੀ ਦਾ ਕਹਿਣਾ ਹੈ ਕਿ ਉਹਨਾ ਨੂੰ ਆਪਣੇ ਕੈਲਗੇਰੀਅਨ ਹੋਣ 'ਤੇ ਵੀ ਮਾਣ ਹੈ ਪਰ ਉਹ ਹੁਣ ਤੋਂ ਹੀ ਆਪਣਾ ਸਮਾਂ ਕੈਲਗਰੀ ਅਤੇ ਸੂਬਾਈ ਰਾਜਧਾਨੀ ਐਡਮਿੰਟਨ ਵਿਚਕਾਰ ਵੰਡ ਰਹੇ ਹਨ ਅਤੇ ਐਡਮਿੰਟਨ ਨਾਲ ਆਪਣੀਆਂ ਸਾਂਝਾਂ ਹੋਰ ਗੂੜੀਆ ਕਰ ਰਹੇ ਹਨ। ਪ੍ਰੀਮੀਅਰ ਡੇਨੀਅਲ ਸਮਿਥ ਅਤੇ ਉਹਨਾਂ ਦੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਦੇ ਕਈ ਕੈਬਨਿਟ ਮੰਤਰੀਆਂ ਵੱਲੋਂ ਨਾਹੀਦ ਨੈਨਸ਼ੀ ਦੀ ਪਿਛਲੀ ਗਰਮੀਆਂ ਵਿੱਚ ਐਨਡੀਪੀ ਲੀਡਰ ਬਣਨ ਤੋਂ ਬਾਅਦ ਲਜਿਸਲੇਚਰ ਵਿੱਚ ਸੀਟ ਨਾ ਮੰਗਣ ਨੂੰ ਲੈ ਕੇ ਆਲੋਚਨਾ ਹੁੰਦੀ ਰਹੀ ਸੀ। ਸੋ ਹੁਣ ਸਮਿਥ ਕੋਲ ਜ਼ਿਮਨੀ ਚੋਣ ਕਰਵਾਉਣ ਲਈ ਜੂਨ ਦੇ ਅੰਤ ਤੱਕ ਦਾ ਸਮਾਂ ਹੈ।

## ਸ਼ੇਖ ਹਸੀਨਾ ਦੇ ਪਿਤਾ ਅਤੇ ਸਾਬਕਾ ਰਾਸ਼ਟਰਪਤੀ ਸ਼ੇਖ ਮੁਜੀਬੁਰ ਰਹਿਮਾਨ ਹੁਣ ਰਾਸਟਰ ਪਿਤਾ ਨਹੀਂ ਹੋਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੰਗਲਾਦੇਸ਼ ਦੀ ਯੂਨਸ ਸਰਕਾਰ ਨੇ ਸ਼ੇਖ ਹਸੀਨਾ ਦੇ ਪਿਤਾ ਅਤੇ ਸਾਬਕਾ ਰਾਸ਼ਟਰਪਤੀ ਸ਼ੇਖ ਮੁਜੀਬੁਰ ਰਹਿਮਾਨ ਦੀ ਵਿਰਾਸਤ ਨੂੰ ਮਿਟਾਉਣਾ ਸ਼ੁਰੂ ਕਰ ਦਿੱਤਾ ਹੈ। ਮੌਜੂਦਾ ਸਰਕਾਰ ਨੇ ਬੰਗਲਾਦੇਸ਼ ਦੀਆਂ ਪਾਠ ਪੁਸਤਕਾਂ ਵਿੱਚ ਬਦਲਾਅ ਕਰਨ ਦਾ ਫੈਸਲਾ ਕੀਤਾ ਹੈ। ਡੇਲੀ ਸਟਾਰ ਮੁਤਾਬਕ ਹੁਣ ਤੋਂ ਕਿਤਾਬ 'ਚ ਦੱਸਿਆ ਜਾਵੇਗਾ ਕਿ ਬੰਗਲਾਦੇਸ਼ ਨੂੰ ਪਾਕਿਸਤਾਨ ਤੋਂ 1971 'ਚ ਆਜ਼ਾਦੀ ਮੁਜੀਬੁਰ ਰਹਿਮਾਨ ਨੇ ਨਹੀਂ ਬਲਕਿ ਜ਼ਿਆਉਰ ਰਹਿਮਾਨ ਨੇ ਦਿਵਾਈ ਸੀ। ਜ਼ਿਆਉਰ ਰਹਿਮਾਨ ਬੰਗਲਾਦੇਸ਼ ਦੀ ਸਾਬਕਾ ਰਾਸ਼ਟਰਪਤੀ ਖਾਲਿਦਾ ਜ਼ਿਆ ਦੇ ਪਤੀ ਸਨ। ਬੰਗਲਾਦੇਸ਼ ਦੀ ਆਜ਼ਾਦੀ ਤੋਂ ਬਾਅਦ ਉਹ ਸਹਿ-ਸੈਨਾ ਮੁਖੀ ਬਣੇ। ਬਾਅਦ ਵਿੱਚ ਉਹ ਦੇਸ਼ ਦੇ ਰਾਸ਼ਟਰਪਤੀ ਵੀ ਬਣੇ। ਸਾਲ 1981 'ਚ ਫੌਜ ਨਾਲ ਜੁੜੇ ਕੁੱਝ ਲੋਕਾਂ ਨੇ ਉਸ ਦਾ ਕਤਲ ਕਰ ਦਿੱਤਾ ਸੀ। ਰਿਪੋਰਟ ਮੁਤਾਬਕ ਨਵੀਂ ਕਿਤਾਬ 'ਚ ਮੁਜੀਬਰ ਦਾ ਰਾਸ਼ਟਰ ਪਿਤਾ ਦਾ ਖਿਤਾਬ ਵੀ ਹਟਾ ਦਿੱਤਾ ਗਿਆ ਹੈ। ਇਹ ਕਿਤਾਬ ਪ੍ਰਾਇਮਰੀ ਤੋਂ ਸੈਕੰਡਰੀ ਪੱਧਰ ਤੱਕ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਜਾਵੇਗੀ।

## ਜੋਤ ਨੂਰਾਨੀ...

ਭਾਗਾਂ ਵਾਲੇ ਪਟਨੇ ਸ਼ਹਿਰ, ਇੱਕ ਆਈ ਜੋਤ ਨੂਰਾਨੀ।
ਜਿਸ ਦਾ ਕੁੱਲ ਦੁਨੀਆਂ ਦੇ ਅੰਦਰ, ਹੋਇਆ ਨਾ ਕੋਈ ਸਾਨੀ।

ਸਭ ਦੇ ਸਾਂਝੇ ਸੱਚੇ ਸਤਿਗੁਰ, ਸ਼ੰਕਾ ਸਭ ਦੀ ਲਾਹੀ।
ਭੀਖਣ ਸ਼ਾਹ ਜਾਂ ਕੀਤਾ ਸਜਦਾ, ਦਿਸ ਪਈ ਜੋਤ ਇਲਾਹੀ।
ਉਸ ਦੀ ਸ਼ਖਸੀਅਤ ਨਾ ਜਾਏ, ਸ਼ਬਦਾਂ ਵਿੱਚ ਬਿਆਨੀ
ਭਾਗਾਂ ਵਾਲੇ ਪਟਨੇ ਸ਼ਹਿਰ, ਇੱਕ ਆਈ ਜੋਤ ਨੂਰਾਨੀ।

ਮੁਰਦਾ ਰੂਹਾਂ ਦੇ ਵਿੱਚ ਉਸਨੇ, ਮੁੜ ਤੋਂ ਪਾਈਆਂ ਜਾਨਾਂ।
ਚਿੜੀਆਂ ਕੋਲੋਂ ਬਾਜ ਤੁੜਾ ਕੇ, ਲਿਖਿਆ ਇਕ ਅਫਸਾਨਾ ।
ਉਹਦੇ ਸਿੱਖਾਂ ਦੁਸ਼ਮਣ ਨੂੰ ਵੀ, ਰਣ ਪਿਲਾਇਆ ਪਾਣੀ
ਭਾਗਾਂ ਵਾਲੇ ਪਟਨੇ ਸ਼ਹਿਰ, ਇੱਕ ਆਈ ਜੋਤ ਨੂਰਾਨੀ।

ਧਰਮਾਂ ਦੀ ਆਜ਼ਾਦੀ ਖ਼ਾਤਿਰ, ਸਾਇਆ ਸਿਰੋਂ ਮਿਟਾਇਆ।
ਸਾਰਾ ਹੀ ਸਰਬੰਸ ਓਸ ਨੇ, ਕੌਮ ਦੇ ਲੇਖੇ ਲਾਇਆ।
ਰੋਕੀ ਸੀ ਉਸ ਤਲਵਾਰਾਂ ਸੰਗ, ਜ਼ਾਲਿਮ ਦੀ ਮਨਮਾਨੀ
ਭਾਗਾਂ ਵਾਲੇ ਪਟਨੇ ਸ਼ਹਿਰ, ਇੱਕ ਆਈ ਜੋਤ ਨੂਰਾਨੀ।

ਉਸ ਦੇ ਨਿੱਕਿਆਂ ਵੱਡੇ ਸਾਕੇ, ਜੱਗ ਨੂੰ ਕਰ ਦਿਖਲਾਏ।
ਨੀਂਹ ਵਿੱਚ ਰੱਤ ਚੁਆ ਕੇ ਆਪਣੀ, ਸਿੱਖੀ ਮਹਿਲ ਬਣਾਏ।
ਜੱਸ ਉਹਦੇ ਗਾ ਨਹੀਂ ਸਕਦੀ, @ਦੀਸ਼@ ਦੀ ਕਲਮ ਨਿਮਾਣੀ
ਭਾਗਾਂ ਵਾਲੇ ਪਟਨੇ ਸ਼ਹਿਰ, ਇੱਕ ਆਈ ਜੋਤ ਨੂਰਾਨੀ।

ਗੁਰਦੀਸ਼ ਕੌਰ ਗਰੇਵਾਲ- ਕੈਲਗਰੀ
ਸੰਪਰਕ : +1 403 404 1450


HMP CUSTOM CABINETS
SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MILL WORK
BUILT GARAGE, GARAGE DOOR INSTALLATION, NEW HOUSE FRAMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ 17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

SUPERVISA Medical Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
Punjab Insurance Inc
SERVICES
- Life Insurance
- Mortgage Insurance
- Critical Illness Insurance
- Disability Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
403 404 3500
sidhu.harpinder@gmail.com
Harpinder Sidhu REGIONAL MANAGER
Lovepreet Sidhu REGIONAL MANAGER

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ,ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ
Wings Special
Every Tuesday and Wednesday
Special Discount for Birthdays & Parties
10% OFF On 3 Labs
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
Uber Eats
LAKESIDE MEAT MASALA
Now Serving Cooked Marinated Meat, Fish and Chicken
202, 175 Chestermere Station Way Chestermere, AB T1X 1V2
587.470.4000

## ਸੰਪਾਦਕੀ



ਭਰੋਸਾ ਨੇੜਤਾ ਦਾ ਸਬੱਬ ਬਣਦਾ ਹੈ।
-ਮਾਰਕਸ ਗਾਰਵੇ

# ਜਸਟਿਨ ਟਰੂਡੋ ਦੇ ਅਸਤੀਫੇ ਨਾਲ ਕਨੇਡਾ ਦੀ ਰਾਜਨੀਤੀ 'ਤੇ ਪ੍ਰਭਾਵ

ਜਸਟਿਨ ਟਰੂਡੋ, ਜੋ ਕਿ 2015 ਤੋਂ ਕਨੇਡਾ ਦੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਕੰਮ ਕਰ ਰਹੇ ਸਨ, ਆਪਣੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਹਨ। ਇਹ ਖ਼ਬਰ ਕਨੇਡਾ ਦੀ ਰਾਜਨੀਤੀ ਅਤੇ ਵਿਸ਼ਵ ਪੱਧਰ 'ਤੇ ਚਰਚਾ ਦਾ ਮੁੱਖ ਵਿਸ਼ਾ ਬਣੀ ਹੋਈ ਹੈ। ਟਰੂਡੋ ਦੇ ਅਸਤੀਫੇ ਨਾਲ ਸਿਰਫ਼ ਉਨ੍ਹਾਂ ਦੀ ਪਾਰਟੀ ਹੀ ਨਹੀਂ, ਸਗੋਂ ਪੂਰੇ ਦੇਸ਼ ਦੀ ਰਾਜਨੀਤਿਕ ਦਿਸ਼ਾ-ਦਸ਼ਾ ਉੱਤੇ ਗਹਿਰੇ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਅਸੀਂ ਇਸ ਅਸਤੀਫੇ ਦੇ ਪਿੱਛੇ ਦੇ ਸੰਭਾਵਿਤ ਕਾਰਣਾਂ, ਲਿਬਰਲ ਪਾਰਟੀ ਦੇ ਭਵਿੱਖ, ਅਤੇ ਕਨੇਡਾ ਦੀ ਰਾਜਨੀਤੀ 'ਤੇ ਪੈਣ ਵਾਲੇ ਪ੍ਰਭਾਵਾਂ ਦੀ ਚਰਚਾ ਕਰੀਏ ਤਾਂ ਟਰੂਡੋ ਦੇ ਅਸਤੀਫੇ ਦੇ ਸੰਭਾਵਿਤ ਕਾਰਣ ਇਸ ਤਰਾਂ ਨਜ਼ਰ ਆਉਂਦੇ ਹਨ। ਲੋਕ ਪ੍ਰਸਿੱਧੀ ਵਿੱਚ ਗਿਰਾਵਟ ਆਉਣਾ, ਪਾਰਟੀ ਦੇ ਅੰਦਰੂਨੀ ਦਬਾਅ ਤਹਿਤ ਲਿਬਰਲ ਪਾਰਟੀ ਦੇ ਅੰਦਰ ਕਈ ਨੇਤਾਵਾਂ ਟਰੂਡੋ ਦੇ ਨੇਤ੍ਰਿਤਵ 'ਤੇ ਸਵਾਲ ਚੁੱਕਣਾ,ਸਕੈਂਡਲਜ਼ ਦਾ ਪ੍ਰਭਾਵ, ਹਾਲ ਹੀ ਵਿੱਚ ਜਸਟਿਨ ਟਰੂਡੋ ਅਤੇ ਉਨ੍ਹਾਂ ਦੀ ਪਤਨੀ ਸੋਫ਼ੀ ਦੇ ਵੱਖ ਹੋਣ ਦੀ ਖ਼ਬਰਾਂ ਵੀ ਉਨ੍ਹਾਂ ਦੇ ਨਿੱਜੀ ਜੀਵਨ ਵਿੱਚ ਚੁਣੌਤੀਆਂ ਦੀ ਪੂਰੀ ਤਸਵੀਰ ਪੇਸ਼ ਕਰਦੀਆਂ ਅਤੇ ਪ੍ਰਭਾਵ ਛਡਦੀਆਂ ਰਹੀਆਂ ਹਨ। ਟਰੂਡੋ ਦੇ ਅਸਤੀਫੇ ਤੋਂ ਬਾਅਦ, ਲਿਬਰਲ ਪਾਰਟੀ ਲਈ ਇਹ ਸਮਾਂ ਚੁਣੌਤੀਪੂਰਨ ਹੋਵੇਗਾ। ਪਾਰਟੀ ਨੂੰ ਹੁਣ ਨਵੀਂ ਲੀਡਰਸ਼ਿੱਪ ਦੀ ਲੋੜ ਹੈ, ਜੋ ਪਾਰਟੀ ਨੂੰ ਮੁੜ ਇਕਜੁੱਟ ਕਰ ਸਕੇ ਅਤੇ ਚੋਣਾਂ ਵਿੱਚ ਸਫਲਤਾ ਦਿਵਾ ਸਕੇ। ਸੰਭਾਵਿਤ ਦਾਅਵੇਦਾਰਾਂ ਵਿੱਚ ਕਈ ਪ੍ਰਮੁੱਖ ਨਾਮ ਆ ਸਕਦੇ ਹਨ, ਜਿਵੇਂ ਕਿ ਮਿਸ਼ੈਲ ਜੌਲੀ, ਕ੍ਰਿਸਟਿਆ ਫ੍ਰੀਲੈਂਡ ਜਾਂ ਕਿਸੇ ਹੋਰ ਉਭਰਦੇ ਹੋਏ ਨੇਤਾ ਦਾ ਨਾਂ ਵੀ ਆ ਸਕਦਾ ਹੈ। ਪਰ ਲਿਬਰਲ ਪਾਰਟੀ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਨਵੀਂ ਰਣਨੀਤੀ ਦੀ ਲੋੜ ਮਹਿਸੂਸ ਕਰਦਿਆਂ ਟਰੂਡੋ ਦੇ ਨੇਤ੍ਰਿਤਵ ਦੇ ਅਧਾਰ 'ਤੇ ਜੋ ਵੋਟਰ ਬੇਸ ਬਣਾਇਆ ਗਿਆ ਸੀ, ਉਸਨੂੰ ਬਣਾਈ ਰੱਖਣ ਲਈ ਪਾਰਟੀ ਨੂੰ ਇੱਕ ਢੰਗ ਦੀ ਯੋਜਨਾ ਬਣਾਉਣੀ ਪਵੇਗੀ। ਚੋਣਾਂ ਦੀ ਤਿਆਰੀ ਤਹਿਤ ਅਗਲੀਆਂ ਫੈਡਰਲ ਚੋਣਾਂ ਲਈ ਸਿਰਫ਼ ਕੁੱਝ ਮਹੀਨੇ ਬਾਕੀ ਹਨ। ਨਵੀਂ ਲੀਡਰਸ਼ਿੱਪ ਕਿੰਨੀ ਜਲਦੀ ਆਪਣਾ ਪ੍ਰਭਾਵ ਦਿਖਾ ਸਕਦੀ ਹੈ, ਇਹ ਵੀ ਮਹੱਤਵਪੂਰਨ ਹੋਵੇਗਾ। ਟਰੂਡੋ ਦੇ ਅਸਤੀਫੇ ਨਾਲ ਕਨੇਡਾ ਦੀ ਰਾਜਨੀਤਿਕ ਸਥਿਤੀ ਵਿੱਚ ਵੱਡੇ ਬਦਲਾਵ ਹੋ ਸਕਦੇ ਹਨ।ਕੰਜ਼ਰਵਟਿਵ ਪਾਰਟੀ ਅਤੇ ਐਨ ਡੀ ਪੀ ਵਰਗੀਆਂ ਵਿਰੋਧੀ ਪਾਰਟੀਆਂ ਹੁਣ ਇਸ ਮੌਕੇ ਦਾ ਫਾਇਦਾ ਚੁੱਕ ਸਕਦੀਆਂ ਹਨ। ਕੰਜ਼ਰਵਟਿਵ ਨੇਤਾ ਪਿਅਰ ਪੋਇਲੀਏਵਰ ਹੁਣ ਲਿਬਰਲਾਂ ਨੂੰ ਹਰਾ ਕੇ ਆਪਣੀ ਪਾਰਟੀ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਜਿਵੇਂ ਕਿ ਆਮ ਲੋਕਾਂ ਵਿੱਚ ਇਹ ਧਾਰਨਾ ਬਣ ਚੁੱਕੀ ਹੈ। ਵੋਟਰਾਂ ਵਿੱਚ ਬਦਲਾਅ ਦੀ ਭਾਵਨਾ ਤਹਿਤ ਕਈ ਵੋਟਰ, ਜੋ ਪਿਛਲੇ ਕਈ ਸਾਲਾਂ ਤੋਂ ਲਿਬਰਲਾਂ ਨੂੰ ਸਪੋਰਟ ਕਰ ਰਹੇ ਸਨ, ਹੁਣ ਵੱਖਰੀਆਂ ਪਾਰਟੀਆਂ ਵੱਲ ਰੁਝਾਣ ਕਰ ਸਕਦੇ ਹਨ। ਨਵਾਂ ਲੀਡਰ ਹੋਣ ਕਾਰਨ ਸਿਆਸੀ ਮਾਮਲਿਆਂ, ਜਿਵੇਂ ਕਿ ਮਹਿਲਾਵਾਂ ਦੇ ਹੱਕਾਂ, ਕਲਾਈਮੇਟ ਚੇਂਜ, ਅਤੇ ਵੈਸ਼ਵਿਕ ਰਿਸ਼ਤੇ, ਉੱਤੇ ਨਵੀਆਂ ਨੀਤੀਆਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਹੁਣ ਦੇਖਣਾ ਇਹ ਹੈ ਕਿ ਟਰੂਡੋ ਦਾ ਭਵਿੱਖ ਕੀ ਹੋਵੇਗਾ । ਜਸਟਿਨ ਟਰੂਡੋ ਦੀ ਸਿਆਸੀ ਜ਼ਿੰਦਗੀ ਕਈ ਵੱਡੇ ਉਤਾਰ-ਚੜ੍ਹਾਵਾਂ ਨਾਲ ਭਰੀ ਹੋਈ ਹੈ।ਲੱਗਦਾ ਹੈ ਕਿ ਉਹ ਸੰਭਾਵਤ ਸਿਆਸਤ ਤੋਂ ਕੁੱਝ ਸਮੇਂ ਲਈ ਦੂਰ ਰਹਿ ਕੇ ਆਪਣੀ ਨਿੱਜੀ ਜ਼ਿੰਦਗੀ ਤੇ ਧਿਆਨ ਦੇਣਗੇ। ਪਰ ਉਹਨਾ ਦੀ ਅੰਤਰਰਾਸ਼ਟਰੀ ਪਛਾਣ ਅਤੇ ਮਜ਼ਬੂਤ ਕੂਟਨੀਤਕ ਤਜਰਬਾ ਨੂੰ ਦੇਖਦੇ ਹੋਏ, ਇਹ ਸੰਭਵ ਹੈ ਕਿ ਉਹ ਕਦੇ ਭਵਿੱਖ ਵਿੱਚ ਵਾਪਿਸੀ ਕਰਨ ਦੀ ਕੋਸ਼ਿਸ਼ ਕਰਨ। ਜਸਟਿਨ ਟਰੂਡੋ ਦਾ ਅਸਤੀਫਾ ਕਨੇਡਾ ਦੇ ਰਾਜਨੀਤਿਕ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਮੋੜ ਹੈ। ਲਿਬਰਲ ਪਾਰਟੀ ਅਤੇ ਕਨੇਡਾ ਦੀ ਰਾਜਨੀਤੀ ਦੇ ਭਵਿੱਖ ਲਈ ਇਹ ਸਮਾਂ ਸਹੀ ਤਿਆਰੀ ਅਤੇ ਸਮਝਦਾਰੀ ਨਾਲ ਫੈਸਲੇ ਲੈਣ ਦਾ ਹੈ। ਜਦੋਂ ਪੂਰਾ ਦੇਸ਼ ਇਸ ਅਸਤੀਫੇ ਦੇ ਪ੍ਰਭਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਹਨਾ ਦੀ ਨਵੀਂ ਲੀਡਰਸ਼ਿੱਪ ਕਿਹੋ ਜਿਹੀ ਹੋਵੇਗੀ , ਇਸ ਉੱਤੇ ਸਭ ਦੀਆਂ ਨਜ਼ਰਾਂ ਹੋਣਗੀਆਂ। ਭਾਰਤੀ ਭਾਈਚਾਰੇ ਦੇ ਰਾਜਨੀਤਕ ਮੱਸ ਵਾਲੇ ਲੋਕ ਵੱਡੀ ਗਿਣਤੀ ਵਿੱਚ ਟਰੂਡੋ ਟੀਮ ਦਾ ਹਿੱਸਾ ਬਣੇ ਸਨ । ਹੁਣ ਅੱਗੇ ਲਿਬਰਲ ਸਰਕਾਰ ਬਣਨ ਦੇ ਆਸਾਰ ਘਟਦੇ ਹੋਣ ਕਾਰਣ ਕੰਜ਼ਰਵੇਟਿਵਾਂ ਦਾ ਪਲੜੇ ਵਿੱਚ ਭਾਰਤੀ ਵੋਟਰਾਂ ਦੀ ਗਿਣਤੀ ਵੀ ਕਨੇਡਾ ਦੀ ਰਾਜਨੀਤੀ ਵਿੱਚ ਅਹਿਮ ਯੋਗਦਾਨ ਪਾ ਸਕਦੀ ਹੈ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਬੰਦ ਦਰਵਾਜ਼ਿਆਂ ਦੀਆਂ ਸ਼ੀਸ਼ਾਂ ਵਿੱਚ ਝਾਕਦਿਆਂ-ਡਾ: ਮਨਮੋਹਨ ਸਿੰਘ



-ਗੁਰਮੀਤ ਸਿੰਘ ਪਲਾਹੀ
-9815802070

**ਡਾ: ਮਨਮੋਹਨ ਸਿੰਘ ਦੀ ਵੱਡੀ ਪ੍ਰਾਪਤੀ ਭਾਰਤੀ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਐਕਟ ਦਾ ਲਾਗੂ ਕੀਤਾ ਜਾਣਾ ਸੀ। ਇਸ ਐਕਟ ਨਾਲ ਉਹਨਾ ਗਰੀਬੀ ਵਰਗ ਦੇ ਲੋਕਾਂ ਨੂੰ ਰਾਹਤ ਮਿਲੀ, ਜਿਹਨਾ ਦੇ ਬੱਚਿਆਂ ਨੂੰ ਸਕੂਲ ਦਾ ਮੂੰਹ ਵੇਖਣਾ ਵੀ ਨਸੀਬ ਨਹੀਂ ਸੀ ਹੁੰਦਾ, ਹਾਲਾਂਕਿ ਸੰਵਿਧਾਨ ਵਿੱਚ ਦੇਸ਼ ਦੇ ਹਰ ਨਾਗਰਿਕ ਲਈ ਸਿੱਖਿਆ ਮੁਢਲਾ ਹੱਕ ਹੈ। ਬਿਨ੍ਹਾਂ ਸ਼ੱਕ ਇਸ ਐਕਟ ਨੂੰ ਅੱਗੋਂ "ਸਭ ਲਈ ਸਿੱਖਿਆ, ਪਰ ਸਭ ਲਈ ਬਰਾਬਰ ਦੀ ਸਿੱਖਿਆ" ਵਿੱਚ ਬਦਲਣਾ ਲੋੜੀਂਦਾ ਸੀ, ਪਰ ਦੇਸ਼ ਦੇ ਹੁਣ ਹਾਕਮ ਕਿਉਂਕਿ ਧੰਨ-ਕੁਬੇਰਾਂ, ਕਾਰਪੋਰੇਟਾਂ ਦੀਆਂ ਨੀਤੀਆਂ ਨੂੰ ਲਾਗੂ ਕਰਨ ਵਾਲੇ ਹਨ, ਉਹਨਾ ਲਈ ਲੋਕਾਂ ਦੀ ਸਿੱਖਿਆ, ਸਿਹਤ, ਚੰਗਾ ਵਾਤਾਵਰਨ ਕੋਈ ਮਾਅਨੇ ਨਹੀਂ ਰੱਖਦਾ ।**

ਡਾ: ਮਨਮੋਹਨ ਸਿੰਘ ਦੇ ਇਸ ਦੁਨੀਆ ਤੋਂ ਰੁਖ਼ਸਤ ਹੋਣ 'ਤੇ ਸੀਨੀਅਰ ਪੱਤਰਕਾਰ ਵੀਰ ਸਾਂਘਵੀ ਨੇ ਫ਼ਿਲਮ "ਦਿ ਐਕਸੀਡੈਂਟਲ ਪ੍ਰਾਈਮ ਮਨਿਸਟਰ" ਨੂੰ ਲੈ ਕੇ ਲਿਖਿਆ "ਜੇ ਕਿਸੇ ਨੂੰ ਡਾ: ਮਨਮੋਹਨ ਸਿੰਘ ਬਾਰੇ ਬੋਲੇ ਗਏ ਝੂਠ ਨੂੰ ਯਾਦ ਕਰਨਾ ਹੋਵੇ ਤਾਂ ਉਸਨੂੰ ਉਕਤ ਫ਼ਿਲਮ ਫਿਰ ਦੇਖਣੀ ਚਾਹੀਦੀ ਹੈ। ਇਹ ਨਾ ਸਿਰਫ਼ ਸਭ ਤੋਂ ਬੁਰੀਆਂ ਫ਼ਿਲਮਾਂ 'ਚੋਂ ਇੱਕ ਹੈ, ਬਲਕਿ ਇਹ ਇੱਕ ਉਦਾਹਰਨ ਹੈ ਕਿ ਕਿਵੇਂ ਇੱਕ ਚੰਗੇ ਆਦਮੀ ਦਾ ਨਾਂ ਖਰਾਬ ਕਰਨ ਲਈ ਮੀਡੀਆ ਦੀ ਵਰਤੋਂ ਕੀਤੀ ਗਈ ਸੀ।"

ਭਾਰਤੀ ਲੋਕਾਂ ਲਈ ਕੀਤੇ ਵੱਡੇ ਕੰਮਾਂ ਦਾ ਮੁੱਲ ਨਾ ਪਾਉਣ ਵਾਲੇ ਛੋਟੀ ਸੋਚ ਵਾਲੇ ਲੋਕਾਂ ਨੇ ਕਦੇ ਵੀ ਉਹਨਾ ਦੀ ਸਖ਼ਸ਼ੀਅਤ ਨਾਲ ਇਨਸਾਫ਼ ਨਹੀਂ ਕੀਤਾ, ਸਗੋਂ ਉਹਨਾ ਦੇ ਕੰਮਾਂ ਨੂੰ ਛੁਟਿਆਉਣ ਦਾ ਯਤਨ ਕੀਤਾ।

ਡਾ: ਮਨਮੋਹਨ ਸਿੰਘ ਨੂੰ ਆਰਥਿਕ ਸੁਧਾਰਾਂ ਬਾਰੇ ਘੜੀਆਂ ਗਈਆਂ ਨੀਤੀਆਂ ਵਿੱਚ ਉਹਨਾ ਦੀ ਅਹਿਮ ਭੂਮਿਕਾ ਬਾਰੇ ਜਾਣਿਆ ਜਾਂਦਾ ਹੈ। ਪਰ ਉਹਨਾ ਦੀ ਭਾਰਤੀ ਸੰਵਿਧਾਨ ਅਨੁਸਾਰ ਆਮ ਲੋਕਾਂ ਨੂੰ ਦਿੱਤੇ ਉਹਨਾ ਤੋਹਫ਼ਿਆਂ ਦੀ ਦੇਣ ਵੱਡੀ ਹੈ, ਜਿਹਨਾ ਨੇ ਗਰੀਬ, ਨਿਤਾਣੇ ਲੋਕਾਂ ਦੇ ਜੀਵਨ ਪੱਧਰ ਨੂੰ ਉਚਿਆਂ ਚੁੱਕਣ ਲਈ ਸਾਰਥਿਕ ਭੂਮਿਕਾ ਨਿਭਾਈ।

ਡਾ: ਮਨਮੋਹਨ ਸਿੰਘ 10 ਸਾਲ ਤੋਂ ਵੱਧ ਦਾ ਸਮਾਂ ਭਾਰਤ ਦੇ ਪ੍ਰਧਾਨ ਮੰਤਰੀ ਰਹੇ। ਇਹਨਾ ਵਰ੍ਹਿਆਂ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਉਹ ਨਿਧੜਕ ਹੋਕੇ ਕੰਮ ਕਰਦੇ ਰਹੇ, ਭਾਵੇਂ ਕਿ ਉਹਨਾ ਦੀ ਸਰਕਾਰ ਦੇ ਸਾਂਝੀਵਾਲਾਂ ਅਤੇ ਵਿਰੋਧੀਆਂ ਵਲੋਂ ਉਹਨਾ ਨੂੰ ਸਮੇਂ-ਸਮੇਂ ਵੱਡੇ ਚੈਲਿੰਜ ਪੇਸ਼ ਕੀਤੇ, ਜਿਹਨਾ ਦਾ ਉਹਨਾ ਬੇਖੌਫ ਹੋ ਕੇ ਸਾਹਮਣਾ ਕੀਤਾ। ਹਾਲਾਂਕਿ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਉਹਨਾ ਦਾ ਦੂਜਾ ਕਾਰਜਕਾਲ ਵਿਵਾਦਾਂ ਵਾਲਾ ਰਿਹਾ। ਉਹਨਾ ਦੇ ਕਈ ਮੰਤਰੀਆਂ ਉਤੇ ਘੁਟਾਲੇ ਦੇ ਦੋਸ਼ ਲੱਗੇ, ਉਹਨਾ ਨੂੰ ਸਭ ਤੋਂ ਕਮਜ਼ੋਰ ਪ੍ਰਧਾਨ ਮੰਤਰੀ ਕਿਹਾ ਜਾਣ ਲੱਗਿਆ ਪਰ ਉਹ ਕਦੇ ਸੱਚਾਈ ਤੋਂ ਪਿੱਛੇ ਨਹੀਂ ਹਟੇ। ਬੇਸ਼ਕ ਉਹ ਘੱਟ ਬੋਲਦੇ ਸਨ ਅਤੇ ਲੋਕਾਂ ਨੂੰ ਲੱਗਦਾ ਸੀ ਕਿ ਉਹ ਸਾਹਸੀ ਨਹੀਂ ਹਨ, ਪਰ ਉਹਨਾ ਨੇ ਆਪਣੀ ਸਰਕਾਰ ਨੂੰ ਦਾਅ 'ਤੇ ਲਗਾਕੇ ਜਿਸ ਤਰ੍ਹਾਂ ਅਮਰੀਕਾ ਦੇ ਨਾਲ ਪਰਮਾਣੂ ਸਮਝੌਤਾ ਕੀਤਾ, ਉਹ ਉਹਨਾ ਦੀ ਹਿੰਮਤ ਦੀ ਦਾਦ ਦੇਣ ਵਾਲਾ ਸੀ।

ਉਹਨਾ ਨੇ ਸੂਚਨਾ ਦਾ ਅਧਿਕਾਰ ਕਾਨੂੰਨ, ਸਿੱਖਿਆ ਦਾ ਅਧਿਕਾਰ ਕਾਨੂੰਨ, ਭੋਜਨ ਦਾ ਅਧਿਕਾਰ ਕਾਨੂੰਨ ਅਤੇ ਆਪਣੇ ਪ੍ਰਧਾਨ ਮੰਤਰੀ ਹੋਣ ਦੇ ਆਖ਼ਰੀ ਸਾਲਾਂ 'ਚ ਉਹਨਾ ਨੇ ਲੋਕਪਾਲ ਕਾਨੂੰਨ ਬਣਾਕੇ ਇਹ ਸਾਬਤ ਕਰ ਦਿੱਤਾ ਕਿ ਉਹਨਾ ਦਾ ਲਗਾਅ ਅਤੇ ਸਾਂਝ ਆਮ ਲੋਕਾਂ ਦੇ ਜੀਵਨ ਵਿੱਚ ਬੇਹਤਰੀ ਅਤੇ ਸਾਸ਼ਨ ਪ੍ਰਸਾਸ਼ਨ ਵਿੱਚ ਪਾਰਦਰਸ਼ਤਾ ਲਿਆਉਣ ਦੀ ਸੀ। ਇਹੋ ਹੀ ਕਾਰਨ ਹੈ ਕਿ ਉਹ ਲੋਕ ਜਿਹੜੇ ਕਦੇ ਭਾਰਤ ਦੇ ਇਸ ਸੂਝਵਾਨ, ਵਿਚਾਰਕ ਪ੍ਰਧਾਨ ਮੰਤਰੀ ਨੂੰ 'ਮੋਨ ਪ੍ਰਧਾਨ ਮੰਤਰੀ' ਕਹਿੰਦੇ ਸਨ, ਉਹਨਾ ਦੀ ਆਲੋਚਨਾ ਕਰਿਆ ਕਰਦੇ ਸਨ, ਅੱਜ ਉਹਨਾ ਦੀ ਪ੍ਰਸੰਸਾ ਕਰ ਰਹੇ ਹਨ।

ਡਾ: ਮਨਮੋਹਨ ਸਿੰਘ ਸਾਦਗੀ ਦੇ ਮੁਜੱਸਮੇ ਸਨ। ਘੱਟ ਬੋਲਣ ਵਾਲੇ ਅਤੇ ਸ਼ਾਂਤ ਸੁਭਾਅ ਦੇ ਮਾਲਕ ਸਨ। ਉਹਨਾ ਨੇ ਸਦਾ ਸੱਚਾਈ ਉਤੇ ਯਕੀਨ ਕੀਤਾ। ਇਸੇ ਲਈ ਉਹਨਾ ਦਾ ਵਿਅਕਤੀਗਤ ਜੀਵਨ ਸਦਾ ਬੇਦਾਗ ਰਿਹਾ। ਉਹ ਵਿਵਹਾਰਿਕ ਰੂਪ 'ਚ ਜ਼ਮੀਨੀ ਨੇਤਾ ਨਹੀਂ ਸਨ।(ਉਹ ਕਦੇ ਵੀ ਲੋਕ ਸਭਾ ਦੀ ਚੋਣ ਨਾ ਜਿੱਤ ਸਕੇ।) ਪਰ ਦੇਸ਼ ਦੇ ਲੋਕਾਂ ਦੀ ਰਗ-ਰਗ ਨੂੰ ਪਛਾਨਣ ਵਾਲੀ ਸਖਸ਼ੀਅਤ ਸਨ।

ਉਹਨਾ ਦਾ ਲੋਕਾਂ ਪ੍ਰਤੀ ਅਥਾਹ ਪਿਆਰ ਸੀ। ਉਹ ਭਾਰਤੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਬਾਖ਼ੂਬੀ ਸਮਝਦੇ ਸਨ। ਇਸੇ ਲਈ ਉਹ ਦੇਸ਼ ਦੀ ਆਰਥਿਕ ਸਥਿਤੀ ਨੂੰ ਲੈ ਕੇ ਫਿਕਰਮੰਦ ਰਹਿੰਦੇ ਸਨ।

ਭਾਰਤ ਦੇ ਵਿੱਤ ਮੰਤਰੀ ਵਜੋਂ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਉਹਨਾ ਨੇ ਦੇਸ਼ 'ਚ ਉਦਾਰੀਕਰਨ ਦੀ ਨੀਤੀ ਲਿਆਂਦੀ। ਬਿਨ੍ਹਾਂ ਸ਼ੱਕ ਡਾ: ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਕਾਰਜਕਾਲ ਵਿੱਚ ਲਾਗੂ ਕੀਤੀਆਂ ਨੀਤੀਆਂ ਨਾਲ ਦੇਸ਼ ਨੇ ਵਿਕਾਸ ਦੀਆਂ ਵੱਡੀਆਂ ਪੁਲਾਂਘਾਂ ਪੁੱਟੀਆਂ, ਪਰ ਇਸਦੇ ਨਾਲ-ਨਾਲ



ਇਹਨਾ ਨੀਤੀਆਂ ਨਾਲ ਗਰੀਬ-ਅਮੀਰ ਦਾ ਪਾੜਾ ਵਧਿਆ ਹੈ। ਡਾ: ਮਨਮੋਹਨ ਸਿੰਘ ਇਸ ਬਾਰੇ ਪੂਰੀ ਤਰ੍ਹਾਂ ਸੁਚੇਤ ਸਨ ਤੇ ਉਹਨਾ ਨੇ ਇਸ ਨੂੰ ਮੁੱਖ ਰੱਖਦਿਆਂ ਬਹੁਤ ਸਾਰੀਆਂ ਗਰੀਬ ਅਤੇ ਹੇਠਲੇ ਮੱਧ ਵਰਗ ਨੂੰ ਰਾਹਤ ਦੇਣ ਵਾਲੀਆਂ ਸਕੀਮਾਂ ਤੇ ਨੀਤੀਆਂ ਲਾਗੂ ਕੀਤੀਆਂ ਸਨ, ਜਿਹਨਾ ਨਾਲ ਕਿ ਭਾਰਤੀ ਸਮਾਜ ਵਿੱਚ ਵਧਦੇ ਆਰਥਿਕ ਪਾੜੇ ਨੂੰ ਘਟਾਇਆ ਜਾ ਸਕੇ।

ਡਾ: ਮਨਮੋਹਨ ਸਿੰਘ ਵਲੋਂ ਕੀਤੇ ਵਿਸ਼ੇਸ਼ ਕਾਰਜਾਂ, ਜਿਹਨਾ ਵਿੱਚ 'ਅਧਾਰ ਕਾਰਡ' ਵੀ ਸ਼ਾਮਲ ਹੈ, ਦੀ ਵਿਰੋਧੀ ਧਿਰ ਵਲੋਂ ਵਿਰੋਧਤਾ ਕੀਤੀ ਗਈ ਸੀ, ਪਰ ਇਸਨੂੰ ਲਾਗੂ ਕਰਨ ਲਈ ਡਾ: ਮਨਮੋਹਨ ਸਿੰਘ ਨੇ ਪਹਿਲ ਕਦਮੀ ਕੀਤੀ। ਉਹੀ ਵਿਰੋਧੀ ਧਿਰ (ਜਿਹੜੀ ਅੱਜ ਹਾਕਮ ਧਿਰ ਹੈ), ਇਸ ਆਧਾਰ ਕਾਰਡ ਨੂੰ ਪੂਰੇ ਦੇਸ਼ ਦੇ ਨਾਗਰਿਕਾਂ ਲਈ ਸ਼ਨਾਖ਼ਤੀ ਕਾਰਡ ਵਜੋਂ ਮੰਨਣ 'ਤੇ ਮਜਬੂਰ ਹੋਈ ਦਿਸਦੀ ਹੈ। ਇਹ ਅਧਾਰ ਕਾਰਡ ਉਸ ਵੇਲੇ ਸ਼ੁਰੂ ਕੀਤਾ ਗਿਆ ਸੀ, ਜਦੋਂ ਦੇਸ਼ ਦੇ ਨਾਗਰਿਕਾਂ ਕੋਲ ਕੋਈ ਸ਼ਨਾਖਤੀ ਕਾਰਡ ਹੀ ਨਹੀਂ ਸੀ, ਜਦਕਿ ਵਿਕਸਤ ਦੇਸ਼ ਆਪਣੇ ਨਾਗਰਿਕਾਂ ਲਈ ਖ਼ਾਸ ਨੰਬਰ ਜਾਰੀ ਕਰਦੇ ਹਨ, ਜੋ ਭਾਰਤ ਦੇ ਨਾਗਰਿਕਾਂ ਕੋਲ ਨਹੀਂ ਸੀ।

ਮਗਨਰੇਗਾ ( ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇਮਪਲਾਇਮੈਂਟ ਗਰੰਟੀ ਐਕਟ) ਡਾ: ਮਨਮੋਹਨ ਸਿੰਘ ਵਲੋਂ ਸ਼ੁਰੂ ਕਰਵਾਈ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਸੀ, ਜਿਹੜੀ ਪੇਂਡੂ ਲੋਕਾਂ ਨੂੰ 100 ਦਿਨਾਂ ਦਾ ਕਾਨੂੰਨੀ ਰੁਜ਼ਗਾਰ ਦਿੰਦੀ ਸੀ। ਇਸ ਯੋਜਨਾ 'ਚ ਘੱਟੋ-ਘੱਟ ਮਜ਼ਦੂਰੀ 220 ਰੁਪਏ ਉਸ ਸਮੇਂ ਨੀਅਤ ਕੀਤੀ ਗਈ। ਪਰ ਕਿਉਂਕਿ ਡਾ: ਮਨਮੋਹਨ ਸਿੰਘ ਤੋਂ ਬਾਅਦ ਸਰਕਾਰ, ਭਾਜਪਾ ਅਤੇ ਉਹਨਾ ਦੇ ਸਹਿਯੋਗੀਆਂ ਹੱਥ ਆ ਗਈ, ਉਹਨਾ ਵਲੋਂ ਇਸ ਯੋਜਨਾ ਨੂੰ ਉਹ ਥਾਂ ਪ੍ਰਦਾਨ ਨਹੀਂ ਕੀਤੀ, ਜਿਹੜੀ ਇਸ ਪੇਂਡੂ ਰੁਜ਼ਗਾਰ ਯੋਜਨਾ ਲਈ ਲੋੜੀਂਦੀ ਸੀ। ਵਰ੍ਹੇ ਦਰ ਵਰ੍ਹੇ ਮਗਨਰੇਗਾ ਫੰਡਾਂ 'ਚ ਕਟੌਤੀ ਹੋਈ ਅਤੇ ਘੱਟੋ-ਘੱਟ ਰੋਜ਼ਾਨਾ ਦਿਹਾੜੀ ਵੀ ਵਧਾਈ ਨਹੀਂ ਗਈ। ਯਾਦ ਰੱਖਣਯੋਗ ਹੈ ਕਿ ਇਹ ਯੋਜਨਾ, ਦੁਨੀਆਂ ਦੀ ਸਭ ਤੋਂ ਵੱਡੀ ਰੁਜ਼ਗਾਰ ਯੋਜਨਾ ਹੈ।

ਡਾ: ਮਨਮੋਹਨ ਸਿੰਘ ਦੀ ਵੱਡੀ ਪ੍ਰਾਪਤੀ ਭਾਰਤੀ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਐਕਟ ਦਾ ਲਾਗੂ ਕੀਤਾ ਜਾਣਾ ਸੀ। ਇਸ ਐਕਟ ਨਾਲ ਉਹਨਾ ਗਰੀਬੀ ਵਰਗ ਦੇ ਲੋਕਾਂ ਨੂੰ ਰਾਹਤ ਮਿਲੀ, ਜਿਹਨਾ ਦੇ ਬੱਚਿਆਂ ਨੂੰ ਸਕੂਲ ਦਾ ਮੂੰਹ ਵੇਖਣਾ ਵੀ ਨਸੀਬ ਨਹੀਂ ਸੀ ਹੁੰਦਾ, ਹਾਲਾਂਕਿ ਸੰਵਿਧਾਨ ਵਿੱਚ ਦੇਸ਼ ਦੇ ਹਰ ਨਾਗਰਿਕ ਲਈ ਸਿੱਖਿਆ ਮੁਢਲਾ ਹੱਕ ਹੈ। ਬਿਨ੍ਹਾਂ ਸ਼ੱਕ ਇਸ ਐਕਟ ਨੂੰ ਅੱਗੋਂ "ਸਭ ਲਈ ਸਿੱਖਿਆ, ਪਰ ਸਭ ਲਈ ਬਰਾਬਰ ਦੀ ਸਿੱਖਿਆ" ਵਿੱਚ ਬਦਲਣਾ ਲੋੜੀਂਦਾ ਸੀ, ਪਰ ਦੇਸ਼ ਦੇ ਹੁਣ ਹਾਕਮ ਕਿਉਂਕਿ ਧੰਨ-ਕੁਬੇਰਾਂ, ਕਾਰਪੋਰੇਟਾਂ ਦੀਆਂ ਨੀਤੀਆਂ ਨੂੰ ਲਾਗੂ ਕਰਨ ਵਾਲੇ ਹਨ, ਉਹਨਾ ਲਈ ਲੋਕਾਂ ਦੀ ਸਿੱਖਿਆ, ਸਿਹਤ, ਚੰਗਾ ਵਾਤਾਵਰਨ ਕੋਈ ਮਾਅਨੇ ਨਹੀਂ ਰੱਖਦਾ। ਇਸ ਕਰਕੇ ਉਹਨਾ ਵਲੋਂ ਅੱਗੋਂ ਕਦਮ ਹੀ ਨਹੀਂ ਪੁੱਟੇ ਗਏ। ਸਗੋਂ ਸਿੱਖਿਆ ਦੇ ਨਿੱਜੀਕਰਨ ਵੱਲ ਕਦਮ ਵਧਾਏ।

ਡਾ: ਮਨਮੋਹਨ ਸਿੰਘ ਵਲੋਂ ਲਾਗੂ ਕੀਤਾ ਨੈਸ਼ਨਲ ਫੂਡ ਸਕਿਊਰਿਟੀ ਐਕਟ ਦੇਸ਼ ਦੇ ਹਰ ਨਾਗਰਿਕ ਲਈ ਭੋਜਨ ਅਤੇ ਸੰਤੁਲਿਤ ਭੋਜਨ ਦੇਣ ਦੀ ਸ਼ਾਅਦੀ ਭਰਦਾ ਹੈ ਤਾਂ ਕਿ ਦੇਸ਼ ਦਾ ਆਮ ਨਾਗਰਿਕ ਭੁੱਖਾ ਨਾ ਸੌਂਵੇ ਅਤੇ ਭੋਜਨ ਉਸਦੀ ਪਹੁੰਚ 'ਚ ਹੋਵੇ। ਇਸ ਐਕਟ ਦੇ ਤਹਿਤ 81.34 ਕਰੋੜ ਭਾਰਤੀ ਲੋਕਾਂ ਨੂੰ ਇੱਕ ਜਾਂ ਦੋ ਰੁਪਏ ਕਿਲੋ ਕੀਮਤ ਉਤੇ ਅਨਾਜ ਮੁਹੱਈਆ ਕੀਤਾ ਗਿਆ। ਇਸ ਐਕਟ ਦੇ ਲਾਗੂ ਹੋਣ ਦੇ 10 ਸਾਲਾਂ ਬਾਅਦ ਤੱਕ ਵੀ ਇੱਕ ਸਰਵੇ ਅਨੁਸਾਰ 19 ਕਰੋੜ ਇਹੋ ਜਿਹੇ ਲੋਕ ਹਨ, ਜਿਹੜੇ ਅੱਜ ਵੀ ਭੁੱਖਮਰੀ ਦਾ ਸ਼ਿਕਾਰ ਹਨ। ਔਰਤਾਂ ਅਨੀਮੀਆ ਦਾ ਸ਼ਿਕਾਰ ਹਨ। ਬੱਚਿਆਂ ਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ। ਕਾਰਨ ਭਾਵੇਂ ਹੋਰ ਬਥੇਰੇ ਹੋ ਸਕਦੇ ਹਨ, ਪਰ ਵੱਡਾ ਕਾਰਨ ਦੇਸ਼ ਵਿੱਚ ਬੇਰੁਜ਼ਗਾਰੀ ਹੈ। ਕੰਮ ਦੀ ਘਾਟ ਹੈ। ਪਰ ਸਰਕਾਰ ਇਸ ਮਾਮਲੇ 'ਤੇ ਬੇਫ਼ਿਕਰ ਹੈ ਅਤੇ ਚੁੱਪ ਹੈ।

ਪਰ ਡਾ: ਮਨਮੋਹਨ ਸਿੰਘ ਕਿਉਂਕਿ ਲੋਕ ਹਿੱਤਾਂ ਦੀ ਰਾਖੀ ਕਰਨ ਵਾਲੇ ਜਾਣੇ ਜਾਂਦੇ ਸਨ, ਇਸੇ ਕਰਕੇ ਉਹਨਾ ਨੇ ਇਹੋ ਜਿਹੇ ਕਾਨੂੰਨ ਚੁੱਪ-ਚੁਪੀਤੇ ਪੂਰੀ ਮਿਹਨਤ ਅਤੇ ਸ਼ਿੱਦਤ ਨਾਲ ਬਣਾਏ, ਜਿਹਨਾ ਦਾ ਵਾਸਤਾ ਸਿੱਧਾ ਆਮ ਲੋਕਾਂ ਨਾਲ ਸੀ। ਉਹਨਾ ਸਭਨਾ ਕਾਰਜਾਂ ਦੇ ਵਿੱਚ ਇੱਕ ਕਾਰਜ ਇਹੋ ਜਿਹਾ ਸੀ, ਜਿਹੜਾ ਦੇਸ਼ ਦੇ ਹਰ ਨਾਗਰਿਕ ਨੂੰ ਹਰ ਕਿਸਮ ਦੀ ਸੂਚਨਾ ਲੈਣ ਦਾ ਅਧਿਕਾਰ ਦਿੰਦਾ ਸੀ। ਸੂਚਨਾ ਦੇ ਅਧਿਕਾਰ ਨੇ ਵੱਡੇ ਧੁਰੰਤਰਾਂ ਦੇ ਪੋਲ ਖੋਲ੍ਹੇ। ਅਧਿਕਾਰੀ ਅਤੇ ਵੱਡੇ ਸਿਆਸੀ ਘਾਗ ਜਿਹੜੇ ਆਪਣੇ ਕੀਤੇ ਬੁਰੇ ਕੰਮਾਂ ਨੂੰ ਲੁਕਾਉਣ ਲਈ ਜਾਣੇ ਜਾਂਦੇ ਸਨ, ਉਹਨਾ ਦਾ ਪਰਦਾ ਇਸ ਕਾਨੂੰਨ ਨਾਲ ਨੰਗਾ ਹੋਇਆ। ਭਾਵੇਂ ਕਿ ਇਸ ਸੂਚਨਾ ਦੇ ਅਧਿਕਾਰ ਨੂੰ ਅੱਜ ਬਹੁਤੀ ਅਹਿਮੀਅਤ ਨਹੀਂ ਦਿੱਤੀ ਜਾਂਦੀ ਅਤੇ ਅਧਿਕਾਰੀ ਸੂਚਨਾਵਾਂ ਦੇਣ ਲਈ ਟਾਲ ਮਟੋਲ ਕਰਦੇ ਹਨ, ਪਰ ਇਸ ਐਕਟ ਨੇ ਲੋਕਾਂ ਲਈ ਇਨਸਾਫ਼ ਲੈਣ ਦਾ ਰਾਹ ਖੋਲ੍ਹਿਆ।

ਆਪਣੇ ਰਾਜ ਭਾਗ ਦੇ ਅੰਤਲੇ ਸਮੇਂ ਦੌਰਾਨ ਲੋਕ ਪਾਲ ਬਿੱਲ ਪਾਸ ਕਰਕੇ ਡਾ: ਮਨਮੋਹਨ ਸਿੰਘ ਨੇ ਵਿਖਾ ਦਿੱਤਾ ਸੀ ਕਿ ਉਹ ਦੇਸ਼ ਵਿੱਚ ਪਾਰਦਰਸ਼ਤਾ ਦੇ ਵੱਡੇ ਹਾਮੀ ਹਨ। ਉਹਨਾ ਦੀ ਸਰਕਾਰ ਉਤੇ ਵਿਰੋਧੀਆਂ ਵਲੋਂ ਇਸ ਬਿੱਲ ਨੂੰ ਪਾਸ ਕਰਨ ਵਾਸਤੇ ਵੱਡਾ ਦਬਾਅ ਪਾਇਆ ਹੋਇਆ ਸੀ, ਪਰ ਇਹ ਲੋਕ ਪਾਲ ਬਿੱਲ ਦੇਸ਼ ਵਿੱਚ ਅਤੇ ਕਈ ਸੂਬਿਆਂ ਦੀਆਂ ਸਰਕਾਰਾਂ ਵਲੋਂ ਪਾਸ ਹੋਣ ਦੇ ਬਾਵਜੂਦ ਵੀ ਲਾਗੂ ਨਹੀਂ ਕੀਤਾ ਗਿਆ, ਕਿਉਂਕਿ ਇਹ ਸਿਆਸੀ ਲੋਕਾਂ ਦੇ ਦਾਗੀ ਚਿਹਰੇ ਨੰਗੇ ਕਰਨ ਵਾਲਾ ਐਕਟ ਸੀ।

ਡਾ: ਮਨਮੋਹਨ ਸਿੰਘ ਆਪਣੇ ਸੁਭਾਅ ਅਨੁਸਾਰ, ਦ੍ਰਿੜਤਾ ਨਾਲ ਦੇਸ਼ ਨੂੰ ਪਾਰਦਰਸ਼ੀ ਰਾਜ ਪ੍ਰਬੰਧ ਦੇਣ ਦਾ ਯਤਨ ਕਰਦੇ ਰਹੇ, ਦੇਸ਼ ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਸਕੀਮਾਂ ਘੜਦੇ ਰਹੇ, ਲੋਕ ਭਲਾਈ ਕਾਰਜਾਂ ਨੂੰ ਸਿਰੇ ਲਾਉਣ ਲਈ ਸੰਵਿਧਾਨ ਅਨੁਸਾਰ ਨੀਤੀਆਂ ਬਣਾਉਂਦੇ ਰਹੇ ਅਤੇ ਮਾਣ ਵਾਲੀ ਗੱਲ ਇਹ ਕਿ ਆਪਣੇ ਵਿਰੋਧੀਆਂ ਦੇ ਹੋ-ਹਲਿਆਂ ਦੇ ਬਾਵਜੂਦ ਸਾਹਸ ਨਾਲ ਉਹਨਾ ਦਾ ਮੁਕਾਬਲਾ ਵੀ ਕਰਦੇ ਰਹੇ।

ਡਾ: ਮਨਮੋਹਨ ਸਿੰਘ ਜਿਹੀ ਸਖ਼ਸ਼ੀਅਤ ਉਤੇ ਮਰਨ ਉਪਰੰਤ ਵਿਸ਼ਵ ਪੱਧਰੀ ਇਸ ਸਖ਼ਸ਼ੀਅਤ ਦੀ ਸਮਾਰਕ ਬਣਾਉਣ ਉਤੇ ਵਿਵਾਦ ਉਤਨਾ ਹੀ ਨਿੰਦਣਯੋਗ ਹੈ, ਜਿੰਨਾ ਨਿੰਦਣਯੋਗ ਉਹਨਾ ਦੇ ਅੰਤਿਮ ਸਸਕਾਰ ਲਈ ਰਾਜ ਘਾਟ ਵਿਖੇ ਸਥਾਨ ਨਾ ਦੇਣਾ, ਕਿਉਂਕਿ ਹੁਣ ਤੱਕ ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਦੇ ਰੁਤਬੇ ਦਾ ਸਨਮਾਨ ਕਰਦੇ ਹੋਏ ਸਸਕਾਰ ਅਧਿਕਾਰਤ ਸਮਾਧੀ ਵਾਲੀਆਂ ਥਾਵਾਂ ਉਤੇ ਹੀ ਕੀਤੇ ਗਏ, ਤਾਂ ਜੋ ਹਰ ਵਿਅਕਤੀ ਦਰਸ਼ਨ ਕਰ ਸਕੇ। ਮੰਨਿਆ ਜਾ ਰਿਹਾ ਹੈ ਕਿ ਸਰਕਾਰ ਨੇ ਇੰਜ ਨਾ ਕਰਕੇ ਉਹਨਾ ਦਾ ਨਿਰਾਦਰ ਕੀਤਾ ਹੈ।

ਡਾ: ਮਨਮੋਹਨ ਸਿੰਘ ਨੇ ਆਪਣੀ ਮਿਹਨਤ, ਲਗਨ ਅਤੇ ਪ੍ਰਤਿਭਾ ਦੇ ਜ਼ੋਰ ਨਾਲ ਜਗਤ ਪ੍ਰਸਿੱਧ ਯੂਨੀਵਰਸਿਟੀ ਕੈਂਬਰਿਜ਼, ਆਕਸਫੋਰਡ ਵਿੱਚ ਉੱਚ ਡਿਗਰੀਆਂ ਪ੍ਰਾਪਤ ਕੀਤੀਆਂ। ਉਹ ਭਾਰਤ ਸਰਕਾਰ ਦੇ ਸਲਾਹਕਾਰ , ਵਿੱਤ ਮੰਤਰਾਲੇ ਦੇ ਮੁੱਖ ਸਲਾਹਕਾਰ, ਯੋਜਨਾ ਆਯੋਗ ਦੇ ਮੈਂਬਰ, ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ, ਫਿਰ ਵਿੱਤ ਮੰਤਰੀ ਅਤੇ ਪ੍ਰਧਾਨ ਮੰਤਰੀ ਬਣੇ।

ਉਹ ਜ਼ਿੰਦਗੀ ਭਰ ਆਪਣੇ-ਆਪ ਨੂੰ ਦੇਸ਼ ਦਾ ਕਰਜ਼ਦਾਰ ਸਮਝਦੇ ਰਹੇ ਕਿ ਦੇਸ਼ ਦੀ ਵੰਡ ਦੇ ਬਾਅਦ ਇੱਕ ਬੇਘਰ ਹੋਏ ਆਦਮੀ ਨੂੰ ਦੇਸ਼ ਨੇ ਉੱਚ ਅਹੁਦੇ ਉਤੇ ਬਿਰਾਜਮਾਨ ਕੀਤਾ।

# ਅਸੀਂ ਤੇਰੀ ਰੱਖਿਆ ਕਰਨ ਲਈ ਤਿਆਰ ਹਾਂ: ਕੀ ਸੱਚੀਂ ਅਸੀਂ ਤਿਆਰ ਹਾਂ ?



**Rishi Nagar**
Senator, University of Calgary (2018-2024)
Member, Anti Racism Action Committee, Calgary (2020-2022)
Member, CPS Anti Racism Committee (2021)
News Director and Host - 106.7 RED FM (CKYR) Calgary
T 403.286.1010 C 587.899.1060
Follow me at Twitter.com/ @RishiKnagar"rishinagar.ca

ਅਸੀਂ ਤੇਰੀ ਰੱਖਿਆ ਕਰਨ ਲਈ ਤਿਆਰ ਹਾਂ ਇਹ ਸਤਰ ਕੈਨੇਡਾ ਦੇ ਰਾਸ਼ਟਰੀ ਗੀਤ ਓ ਕੈਨੇਡਾ ਵਿੱਚੋਂ ਹੈ। ਇਹ ਵਾਕ ਦੇਸ਼ ਭਗਤੀ, ਏਕਤਾ ਅਤੇ ਦੇਸ਼ ਦੀ ਰੱਖਿਆ ਲਈ ਜ਼ਿੰਮੇਵਾਰੀ ਦਾ ਅਹਿਸਾਸ ਜਗਾਉਂਦਾ ਹੈ।

ਪਰ ਇਹ ਭਾਵਨਾ ਹਾਲ ਹੀ ਵਿੱਚ ਪਰਖੀ ਗਈ ਹੈ, ਖਾਸ ਤੌਰ 'ਤੇ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਚਰਚਿਤ ਟਿੱਪਣੀਆਂ ਕਰਕੇ। ਟਰੰਪ ਨੇ ਕਈ ਵਾਰ ਮਜ਼ਾਕ ਵਿੱਚ ਜਾਂ ਗੰਭੀਰਤਾਪੂਰਵਕ ਕਿਹਾ ਹੈ ਕਿ ਕੈਨੇਡਾ ਅਮਰੀਕਾ ਦਾ 51ਵਾਂ ਰਾਜ ਹੋ ਸਕਦਾ ਹੈ ਅਤੇ ਉਸ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਗਵਰਨਰ ਦੇ ਤੌਰ 'ਤੇ ਸੰਬੋਧਿਤ ਕੀਤਾ ਹੈ।

ਕੈਨੇਡਾ ਦੇ ਰਾਜਨੀਤਿਕ ਨੇਤਾਵਾਂ ਨੇ ਜ਼ਿਆਦਾਤਰ ਇਨ੍ਹਾਂ ਟਿੱਪਣੀਆਂ ਨੂੰ ਅਣਦੇਖਾ ਕੀਤਾ ਜਾਂ ਰੱਦ ਕਰ ਦਿੱਤਾ ਹੈ, ਸਵਾਲ ਉੱਠਦਾ ਹੈ: ਕੀ ਅਸੀਂ ਵਾਕਈ ਹੀ ਇੱਕ ਬਹੁਤ ਹੀ ਔਖੀ ਗਲੋਬਲ ਹਾਲਤ ਵਿੱਚ ਕੈਨੇਡਾ ਦੀ ਖੁਦਮੁਖਤਿਆਰੀ ਜਾਂ ਪ੍ਰਭੁਸੱਤਾਸੰਪੰਨਤਾ ਦੀ ਰੱਖਿਆ ਲਈ ਖੜੇ ਹਾਂ ?

ਟਰੰਪ ਦੇ ਬਿਆਨ, ਜਿਹਨਾਂ ਨੂੰ ਅਕਸਰ ਹਾਸੇ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ, ਅਮਰੀਕਾ ਦੇ ਕੁਝ ਹਿੱਸਿਆਂ ਵਿੱਚ ਕਈ ਦਹਾਕਿਆਂ ਤੋਂ ਚੱਲ ਰਹੀ ਸੋਚ ਨੂੰ ਦਰਸਾਉਂਦੇ ਹਨ ਕਿ ਕੈਨੇਡਾ ਇੱਕ ਸੈਟੇਲਾਈਟ ਰਾਜ ਹੈ —ਦੱਖਣੀ ਗੁਆਂਢੀ ਦਾ ਸਿਰਫ ਇੱਕ ਬੀਂਡੀ। ਇਹ ਧਾਰਨਾ ਦੋਵੇਂ ਦੇਸ਼ਾਂ ਦੇ ਮਜ਼ਬੂਤ ਆਰਥਿਕ, ਰਾਜਨੀਤਿਕ ਅਤੇ ਫੌਜੀ ਰਿਸ਼ਤਿਆਂ ਰਾਹੀਂ ਹੋਰ ਮਜ਼ਬੂਤ ਹੁੰਦੀ ਹੈ। ਉੱਤਰ ਅਮਰੀਕਾ ਮੁਕਤ ਵਪਾਰ ਸਮਝੌਤਾ (NAFTA), ਜਿਸ ਨੂੰ ਹੁਣ ਅਮਰੀਕਾ-ਮੈਕਸੀਕੋ-ਕੈਨੇਡਾ ਐਗਰੀਮੈਂਟ (USMCA)



ਨਾਲ ਜਾਣਿਆ ਜਾਂਦਾ ਹੈ, ਇਸ ਗਹਿਰੇ ਰਿਸ਼ਤੇ ਦੀ ਇੱਕ ਉਦਾਹਰਣ ਹੈ। ਇਸ ਤੋਂ ਇਲਾਵਾ, ਅਮਰੀਕਾ ਅਤੇ ਕੈਨੇਡਾ ਦੁਨੀਆ ਦੀ ਸਭ ਤੋਂ ਲੰਬੀ ਅਣ-ਸੁਰੱਖਿਅਤ ਸਰਹੱਦ ਸਾਂਝੀ ਕਰਦੇ ਹਨ ਅਤੇ ਖੁਫੀਆ, ਰੱਖਿਆ ਅਤੇ ਅੰਤਰਰਾਸ਼ਟਰੀ ਡਿਪਲੋਮੇਸੀ ਵਿੱਚ ਵਿਸ਼ਾਲ ਤੌਰ ਤੇ ਸਹਿਯੋਗ ਕਰਦੇ ਹਨ।

ਕੈਨੇਡਾ, ਅਮਰੀਕਾ ਦਾ ਹਿੱਸਾ ਨਹੀਂ ਹੈ ਤੇ ਨਾ ਹੀ ਬੀਂਡੀ ਹੈ। ਇੱਕ ਖੁਦਮੁਖਤਾਰ ਦੇਸ਼ ਦੇ ਤੌਰ ਤੇ, ਕੈਨੇਡਾ ਨੇ ਆਪਣੀ ਵਿਲੱਖਣ ਰਾਜਨੀਤਿਕ, ਸੱਭਿਆਚਾਰਕ ਅਤੇ ਸਮਾਜਿਕ ਪਛਾਣ ਨੂੰ ਬਰਕਰਾਰ ਰੱਖਿਆ ਹੈ। ਇਹ ਆਮ ਤੌਰ 'ਤੇ ਬਹੁਸੰਸਕ੍ਰਿਤੀਵਾਦ, ਯੂਨੀਵਰਸਲ ਹੈਲਥ ਕੇਅਰ ਅਤੇ ਸ਼ਾਂਤੀ ਸਥਾਪਨਾ ਦੀਆਂ ਕਦਰਾਂ-ਕੀਮਤਾਂ ਰਾਹੀਂ ਅਕਾਰ ਪ੍ਰਾਪਤ ਕਰਦੀ ਹੈ। ਗਲੋਬਲ ਮਾਮਲਿਆਂ ਵਿੱਚ ਕੈਨੇਡਾ ਦੀ ਭੂਮਿਕਾ, ਖ਼ਾਸ ਤੌਰ 'ਤੇ ਇੱਕ ਸ਼ਾਂਤੀਪਸੰਦ ਦੇਸ਼ ਦੇ ਰੂਪ ਵਿੱਚ ਇਸਦੀ ਪ੍ਰਸਿੱਧੀ, ਇਸਨੂੰ ਆਪਣੇ ਵਧੇਰੇ ਫੌਜੀ ਗੁਆਂਢੀ ਤੋਂ ਵੱਖਰਾ ਕਰਦੀ ਹੈ।

ਅੰਤਰਰਾਸ਼ਟਰੀ ਸੰਸਥਾਵਾਂ, ਜਿਵੇਂ ਕਿ ਸੰਯੁਕਤ ਰਾਸ਼ਟਰ ਵਿੱਚ ਇਸ ਦੀ ਮੈਂਬਰਸ਼ਿਪ, ਅਤੇ ਸ਼ਾਂਤੀ ਸਥਾਪਨਾ ਮਿਸ਼ਨਾਂ ਵਿੱਚ ਇਸ ਦੀ ਭਾਗੀਦਾਰੀ, ਗਲੋਬਲ ਡਿਪਲੋਮੇਸੀ ਅਤੇ ਮਨੁੱਖਤਾ ਦੀ ਪਾਲਣਾ ਵਿੱਚ ਇਸ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਇਹਨਾਂ ਫਰਕਾਂ ਦੇ ਬਾਵਜੂਦ, ਕੈਨੇਡਾ ਦੇ ਰਾਜਨੀਤਿਕ ਨੇਤਾ, ਖ਼ਾਸ ਤੌਰ 'ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਅਕਸਰ ਅਮਰੀਕਾ ਨਾਲ ਮਜ਼ਬੂਤ ਰਿਸ਼ਤਾ ਬਣਾਈ ਰੱਖਣ ਅਤੇ ਕੈਨੇਡਾ ਦੀ ਸੁਤੰਤਰਤਾ ਨੂੰ ਜ਼ਾਹਰ ਕਰਨ ਦੇ ਵਿਚਕਾਰ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਪਰ, ਟਰੰਪ ਦੇ ਬਿਆਨ ਕੈਨੇਡਾ ਦੀ ਖੁਦਮੁਖਤਿਆ ਲਈ ਇੱਕ ਸੂਖਮ ਚੁਣੌਤੀ ਨੂੰ ਰੌਸ਼ਨ ਕਰਦੇ ਹਨ: ਇੱਕ ਦੇਸ਼ ਜਿਵੇਂ ਕੈਨੇਡਾ ਇੱਕ ਗਲੋਬਲ ਸ਼ਕਤੀ ਗਤੀਵਿਧੀ ਵਿੱਚ ਆਪਣੀ ਪਛਾਣ ਅਤੇ ਸੁਤੰਤਰਤਾ ਨੂੰ ਕਿਵੇਂ ਬਰਕਰਾਰ ਰੱਖਦਾ ਹੈ ਜੋ ਵੱਡੇ ਪੱਧਰ 'ਤੇ ਅਮਰੀਕਾ ਤੋਂ ਪ੍ਰਭਾਵਿਤ ਹੈ ?

ਟਰੰਪ ਦੇ ਬਿਆਨਾਂ ਨੂੰ ਬਹੁਤ ਗੰਭੀਰਤਾ ਨਾਲ ਨਾ ਲੈਣ ਦੇ ਫੈਸਲੇ ਦੇ ਪਿੱਛੇ ਕੈਨੇਡਾ ਦੇ ਨੇਤਾਵਾਂ ਦੀ ਸੋਚ ਹੈ ਕਿ ਸ਼ਾਇਦ ਉਹਨਾਂ ਨੂੰ ਡਿਪਲੋਮੈਟਿਕ ਖਲਲ ਜਾਂ ਅਮਰੀਕਾ ਨਾਲ ਆਰਥਿਕ ਅਤੇ ਸੁਰੱਖਿਆ ਫ਼ਾਇਦੇ ਖਤਰੇ ਵਿੱਚ ਪੈਣ ਦਾ ਡਰ ਹੈ। ਪਰ ਇਹ ਚੁੱਪੀ ਇੱਕ ਵੱਡੇ ਮਾਮਲੇ ਵਿੱਚ ਕੈਨੇਡੀਅਨ ਪਛਾਣ ਦੇ ਘਾਟੇ ਵਿੱਚ ਸਹਿਯੋਗ ਦੀ ਤਰ੍ਹਾਂ ਵੇਖੀ ਜਾ ਸਕਦੀ ਹੈ।ਇਸਦਾ ਹੱਲ ਸਿਰਫ ਹਵਾਈ ਸ਼ਬਦਾਂ ਨਾਲ ਨਹੀਂ ਹੋ ਸਕਦਾ। ਜਦਕਿ ਟਰੰਪ ਦੇ ਬਿਆਨਾਂ ਉਤੇ ਸਪੱਸ਼ਟ ਅਤੇ ਸਖ਼ਤ ਬਿਆਨ ਦਿੱਤੇ ਜਾਣੇ ਚਾਹੀਦੇ ਹਨ, ਕੈਨੇਡਾ ਦੇ ਲੋਕਾਂ ਅਤੇ ਨੇਤਾਵਾਂ ਨੂੰ ਆਪਣੇ ਦੇਸ਼ ਦੀ ਸਾਰਵਭੌਮਤਾ (ਖੁਦਮੁਖ਼ਤਿਆਰੀ) ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਸੱਚੇ ਰਹਿਣਾ ਚਾਹੀਦਾ ਹੈ। 'ਅਸੀਂ ਤੇਰੀ ਰੱਖਿਆ ਕਰਨ ਲਈ ਤਿਆਰ ਹਾਂ' ਸਿਰਫ ਇੱਕ ਖਾਲੀ ਪੰਕਤੀ ਜਾਂ ਸਤਰ ਨਹੀਂ ਹੋਣੀ ਚਾਹੀਦੀ; ਇਹ ਇੱਕ ਯਾਦ ਕਰਵਾਉਣ ਵਾਲੀ ਗੱਲ ਹੋਣੀ ਚਾਹੀਦੀ ਹੈ ਕਿ ਸੰਸਾਰਕ ਤੌਰ ਤੇ ਇੱਕ ਦੂਜੇ ਨਾਲ ਜੁੜੇ ਹੋਏ ਅਤੇ ਅਕਸਰ ਅਣਕਿਆਸੇ ਸੰਸਾਰ ਵਿੱਚ ਕੈਨੇਡਾ ਦੀ ਖੁਦਮੁਖਤਿਆਰੀ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਹਮੇਸ਼ਾ ਬਣੀ ਰਹੇ।

(ਕੈਲਗਰੀ ਹੈਰਾਲਡ ਵਿੱਚ ਪ੍ਰਕਾਸ਼ਿਤ ਹੋਇਆ ) https://calgaryherald.com/opinion/columnists/opinion-we-stand-on-guard-for-thee-do-we-really

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Edmonton
Parminder Singh Balluana
+1 (204) 930-3030
780 599 2000
Email: balluana.parminder@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਪੰਜਾਬੀ ਸਿਨੇਮਾ 2024:
# ਦਰਸ਼ਕ ਹਸਾਏ ਵੀ ਤੇ ਰੁਆਏ ਵੀ






ਸੁਰਜੀਤ ਜੱਸਲ
9814607737

**ਸੁਰਜੀਤ ਜੱਸਲ**

ਇਸ ਸਾਲ 60 ਦੇ ਕਰੀਬ ਪੰਜਾਬੀ ਫਿਲਮਾਂ ਰਿਲੀਜ਼ ਹੋਈਆਂ, ਪਰ ਸਿਰਫ਼ 5-7 ਫਿਲਮਾਂ ਹੀ ਕਾਮਯਾਬ ਹੋਈਆਂ, ਜਦੋਂਕਿ ਪਿਛਲੇ ਸਾਲ ਰਚਨਾਤਮਕ ਪੱਖੋਂ ਉਸਾਰੂ ਸੋਚ ਵਾਲੀਆਂ ਚੰਗੀਆਂ ਫਿਲਮਾਂ ਦਾ ਦੌਰ ਚੱਲਿਆ। ਇਸ ਸਾਲ ਅਜਿਹੀਆਂ ਫਿਲਮਾਂ ਦੀ ਘਾਟ ਰੜਕਦੀ ਰਹੀ। 2024 ਦੀ ਸ਼ੁਰੂਆਤ ਪੰਜਾਬੀ ਸਿਨੇਮਾ ਲਈ ਨਿਰਾਸ਼ਾਜਨਕ ਹੀ ਰਹੀ। ਲੇਖਕ ਨਿਰਦੇਸ਼ਕ ਰਾਣਾ ਰਣਬੀਰ ਦੀ ਫਿਲਮ 'ਮਨਸੂਬਾ' ਗੁੰਝਲਦਾਰ ਵਿਸ਼ੇ ਕਰਕੇ ਦਰਸ਼ਕਾਂ ਦੀ ਸਮਝ ਤੋਂ ਬਾਹਰ ਰਹੀ। ਨਵੇਂ ਅਦਾਕਾਰ ਕਿਰਨਦੀਪ ਤੇ ਪ੍ਰਭ ਗਰੇਵਾਲ ਦੀ ਫਿਲਮ 'ਜੱਟਾ ਡੋਲੀ ਨਾ' ਵਿਸ਼ੇ 'ਤੇ ਚੰਗੀ ਪਕੜ ਨਾ ਹੋਣ ਕਰਕੇ ਦਰਸ਼ਕਾਂ ਦੀ ਪਸੰਦ ਨਾ ਬਣ ਸਕੀ। ਗਾਇਕ ਯੁਵਰਾਜ ਹੰਸ ਫਿਲਮ 'ਮੁੰਡਾ ਰੌਕਸਟਾਰ' ਨਾਲ ਪੰਜਾਬੀ ਪਰਦੇ 'ਤੇ ਬਹੁਤਾ ਕਮਾਲ ਨਾ ਕਰ ਸਕਿਆ, ਜਦਕਿ ਹਰੀਸ਼ ਵਰਮਾ ਦੀ ਫਿਲਮ 'ਡਰਾਮੇ ਆਲੇ' ਚੰਗੀ ਫਿਲਮ ਹੋਣ ਦੇ ਬਾਵਜੂਦ ਬਹੁਤਾ ਪ੍ਰਭਾਵ ਨਾ ਛੱਡ ਸਕੀ। ਇਸੇ ਮਹੀਨੇ ਸਰਦਾਰ ਸੋਹੀ ਤੇ ਬੱਬਲ ਰਾਏ ਦੀ ਫਿਲਮ 'ਲੰਬੜਾਂ ਦਾ ਲਾਣਾ' ਭੂਤ-ਪ੍ਰੇਤਾਂ ਵਾਲੀ ਕਾਮੇਡੀ ਹੋਣ ਕਰਕੇ ਦਰਸ਼ਕਾਂ ਦੀ ਪਸੰਦ ਬਣੀ।

ਭੂਤ-ਪ੍ਰੇਤਾਂ ਵਾਲੇ ਵਿਸ਼ਿਆਂ ਨੂੰ ਸਫਲ ਹੁੰਦੇ ਵੇਖ 'ਜੱਟ ਨੂੰ ਚੁੜੇਲ ਟੱਕਰੀ', 'ਜਿਊਂਦੇ ਰਹੋ ਭੂਤ ਜੀ', 'ਬੂ ਮੈਂ ਡਰਗੀ' ਅਤੇ 'ਨੀਂ ਮੈਂ ਸੱਸ ਕੁੱਟਣੀ-2' ਵਰਗੀਆਂ ਫਿਲਮਾਂ ਸਿਨੇਮਿਆਂ ਦਾ ਸ਼ਿੰਗਾਰ ਬਣੀਆਂ। ਇਨ੍ਹਾਂ ਵਿੱਚੋਂ ਅੰਬਰਦੀਪ ਦੀ ਲਿਖੀ ਅਤੇ ਵਿਕਾਸ ਵਸ਼ਿਸ਼ਟ ਦੀ ਨਿਰਦੇਸ਼ਿਤ ਫਿਲਮ 'ਜੱਟ ਨੂੰ ਚੁੜੇਲ ਟੱਕਰੀ' ਨੇ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ। ਗਿੱਪੀ ਗਰੇਵਾਲ, ਸਰਗੁਣ ਮਹਿਤਾ, ਰੂਪੀ ਗਿੱਲ ਆਦਿ ਕਲਾਕਾਰਾਂ ਨੇ ਇਸ ਫਿਲਮ ਵਿੱਚ ਅਹਿਮ ਕਿਰਦਾਰ ਨਿਭਾਏ। ਫਿਲਮ 'ਨੀਂ ਮੈਂ ਸੱਸ ਕੁੱਟਣੀ-2' ਪਹਿਲੀ ਚਰਚਿਤ ਫਿਲਮ ਵਾਂਗ ਦਰਸ਼ਕਾਂ ਦੀ ਪਸੰਦ 'ਤੇ ਖਰੀ ਨਾ ਉਤਰੀ, ਜਦਕਿ ਫਿਲਮ 'ਬੂ ਮੈਂ ਡਰਗੀ' ਨੇ ਦਰਸ਼ਕਾਂ ਪੱਲੇ ਕੋਰੀ ਨਿਰਾਸ਼ਾ ਪਾਈ।



ਐਕਸ਼ਨ ਅਤੇ ਥ੍ਰਿਲ ਭਰਪੂਰ ਫਿਲਮਾਂ ਬਣਾਉਣ ਵਾਲੇ ਨਿਰਦੇਸ਼ਕ ਅਮਰ ਹੁੰਦਲ ਨੇ ਫਿਲਮਾਂ 'ਵਾਰਨਿੰਗ-2', 'ਫੁਰਤੀਲਾ' ਅਤੇ 'ਬੀਬੀ ਰਜਨੀ' ਨਾਲ ਆਪਣੀ ਪਹਿਚਾਣ ਹੋਰ ਗੂੜ੍ਹੀ ਕੀਤੀ। 2021 ਦੀ ਸਫਲ ਫਿਲਮ 'ਵਾਰਨਿੰਗ' ਦੇ ਸੀਕੁਏਲ 'ਵਾਰਨਿੰਗ -2' ਨੂੰ ਹੋਰ ਵੀ ਬਿਹਤਰ ਅਤੇ ਦਿਲਚਸਪ ਬਣਾਉਣ ਲਈ ਖ਼ੂਬ ਮਿਹਨਤ ਕੀਤੀ। ਬੌਲੀਵੁੱਡ-ਹੌਲੀਵੁੱਡ ਪੱਧਰ ਦੇ ਐਕਸ਼ਨ ਨੂੰ ਪੇਸ਼ ਕਰਦੀ ਇਸ ਫਿਲਮ ਦੇ ਕਲਾਈਮੈਕਸ ਨੇ ਦਰਸ਼ਕਾਂ ਨੂੰ ਖ਼ੂਬ ਪ੍ਰਭਾਵਿਤ ਕੀਤਾ। ਪ੍ਰਿੰਸ ਕੰਵਲਜੀਤ ਸਿੰਘ, ਗਿੱਪੀ ਗਰੇਵਾਲ, ਹੌਬੀ ਧਾਲੀਵਾਲ, ਸਰਦਾਰ ਸੋਹੀ ਅਤੇ ਜੈਸਮੀਨ ਭਸੀਨ ਵਰਗੇ ਕਲਾਕਾਰਾਂ ਦੀ ਅਦਾਕਾਰੀ ਨੇ ਖ਼ੂਬ ਰੰਗ ਬੰਨ੍ਹਿਆ। ਅਦਾਕਾਰ ਤੋਂ ਨਿਰਮਾਤਾ ਬਣੇ ਜਗਜੀਤ ਸੰਧੂ ਨੇ ਫਿਲਮ 'ਓਏ ਭੋਲੇ ਓਏ' ਨਾਲ ਲੰਬੀ ਛਾਲ ਮਾਰੀ। ਸਮਾਜਿਕ ਮੁੱਦਿਆ 'ਤੇ ਵਿਅੰਗ ਕਰਦੀ ਤੇ ਹਾਸੇ-ਹਾਸੇ ਵਿੱਚ ਸੋਚ ਨੂੰ ਹਲੂਣਾ ਦਿੰਦੀ ਇਹ ਫਿਲਮ ਟਿਕਟ ਖਿੜਕੀ 'ਤੇ ਭੀੜ ਜਮਾਂ ਕਰਨ ਵਿੱਚ ਕਾਮਯਾਬ ਰਹੀ। ਜਗਜੀਤ ਸੰਧੂ ਦੀ ਇੱਕ ਹੋਰ ਫਿਲਮ 'ਚੋਰਦਿਲ' ਵੀ ਇਸੇ ਸਾਲ ਰਿਲੀਜ਼ ਹੋਈ। ਫਿਲਮ 'ਤੁਣਕਾ-ਤੁਣਕਾ' ਨਾਲ ਗਾਇਕ ਤੋਂ ਅਦਾਕਾਰ ਬਣੇ ਹਰਦੀਪ ਗਰੇਵਾਲ ਦੀ ਇਸ ਸਾਲ ਤੀਸਰੀ ਫਿਲਮ 'ਜੇ ਪੈਸਾ ਬੋਲਦਾ ਹੁੰਦਾ' ਵੀ ਰਿਲੀਜ਼ ਹੋਈ। ਕਾਮੇਡੀ ਅਤੇ ਸਸਪੈਂਸ ਭਰਪੂਰ ਇਹ ਫਿਲਮ ਚੰਗੀ ਹੋਣ ਦੇ ਬਾਵਜੂਦ ਦਰਸ਼ਕਾਂ ਦੀ ਪਸੰਦ ਨਾ ਬਣ ਸਕੀ। ਸਿੰਮੀ ਚਾਹਲ ਅਤੇ ਇਮਰਾਨ ਅੱਬਾਸ ਦੀ ਜੋੜੀ ਵਾਲੀ ਫਿਲਮ 'ਜੀ ਵੇ ਸੋਹਣਿਆ ਜੀ' ਵਿਸ਼ੇ ਪੱਖੋਂ ਦਿਲਚਸਪ ਫਿਲਮ ਰਹੀ। ਗੁਰਨਾਮ ਭੁੱਲਰ ਦੀ ਫਿਲਮ 'ਖਿਡਾਰੀ' ਚੰਗੇ ਵਿਸ਼ੇ ਦੀ ਫਿਲਮ ਸਾਬਤ ਹੋਈ। ਪਹਿਲੀਆਂ ਫਿਲਮਾਂ ਦੇ ਮੁਕਾਬਲੇ ਗੁਰਨਾਮ ਭੁੱਲਰ ਇਸ ਫਿਲਮ ਨਾਲ ਬਹੁਤਾ ਕੱਦ ਨਾ ਕੱਢ ਸਕਿਆ। ਕਰਮਜੀਤ ਅਨਮੋਲ ਅਤੇ ਸਿਮਰ ਖਹਿਰਾ ਦੀ ਕਾਮੇਡੀ ਫਿਲਮ 'ਵੇਖੀ ਜਾ ਛੇੜੀ ਨਾ' ਨੂੰ ਕਿਸੇ ਵੀ ਦਰਸ਼ਕ ਨੇ ਨਾ ਛੇੜਿਆ।





'ਇਕੋ-ਮਿਕੇ' ਤੇ 'ਕਲੀ ਜੋਟਾ' ਦੀ ਬੇਮਿਸਾਲ ਸਫਲਤਾ ਤੋਂ ਬਾਅਦ ਸਤਿੰਦਰ ਸਰਤਾਜ ਦੀ ਇਸ ਸਾਲ ਫਿਲਮ 'ਸ਼ਾਯਰ' ਨੇ ਨਵੇਂ ਮੀਲ-ਪੱਥਰ ਸਥਾਪਤ ਕੀਤੇ। ਸ਼ਾਇਰੋ-ਸ਼ਾਇਰੀ ਨਾਲ ਭਰਪੂਰ ਇਸ ਫਿਲਮ ਨੂੰ ਦਰਸ਼ਕਾਂ ਦਾ ਰੱਜਵਾਂ ਪਿਆਰ ਮਿਲਿਆ। 'ਇਕੋ-ਮਿਕੇ' ਵਾਂਗ 'ਸ਼ਾਯਰ' ਫਿਲਮ ਨਾਲ ਸਤਿੰਦਰ ਸਰਤਾਜ ਦਰਸ਼ਕਾਂ ਨੂੰ ਸਾਹਿਤ ਨਾਲ ਜੋੜਦਿਆਂ ਸੱਚੀਆਂ ਮੁਹੱਬਤਾਂ ਦੀ ਬਾਤ ਪਾਉਣ ਵਿੱਚ ਕਾਮਯਾਬ ਰਿਹਾ। ਇਸ ਫਿਲਮ ਵਿਚਲੀ ਅਦਾਕਾਰੀ ਦੇ ਨਾਲ-ਨਾਲ ਫਿਲਮ ਦੇ ਸ਼ਾਇਰੀ-ਨੁਮਾ ਗੀਤ ਵੀ ਦਰਸ਼ਕਾਂ ਦੀ ਪਸੰਦ ਬਣੇ।

ਪਿਛਲੇ ਸਾਲ ਸਿੱਖ ਇਤਿਹਾਸ ਦੀ ਪੇਸ਼ਕਾਰੀ ਕਰਦੀ ਫਿਲਮ 'ਮਸਤਾਨੇ' ਵਾਂਗ ਇਤਿਹਾਸਿਕ ਗਾਥਾ 'ਤੇ ਆਧਾਰਿਤ ਫਿਲਮ 'ਬੀਬੀ ਰਜਨੀ' ਵੀ ਚਰਚਾ ਵਿੱਚ ਰਹੀ। 26 ਜੂਨ 1972 ਨੂੰ ਰਿਲੀਜ਼ ਹੋਈ ਨਿਰਮਾਤਾ ਕੰਵਰ ਮਹਿੰਦਰ ਸਿੰਘ ਬੇਦੀ ਦੀ ਫਿਲਮ 'ਦੁੱਖ ਭੰਜਨ ਤੇਰਾ ਨਾਮ' ਵੀ ਬੀਬੀ ਰਜਨੀ ਦੀ ਕਹਾਣੀ ਸੀ। 70ਵੇਂ ਦਹਾਕੇ ਦੀ ਸਫਲ ਫਿਲਮ ਵਾਂਗ ਮੌਜੂਦਾ ਦੌਰ ਦੀ ਫਿਲਮ 'ਬੀਬੀ ਰਜਨੀ' ਨੇ ਦਰਸ਼ਕਾਂ ਨੂੰ ਮੁੜ ਸਿੱਖ ਇਤਿਹਾਸ ਨਾਲ ਜੋੜਿਆ। ਬੀਬੀ ਰਜਨੀ ਦੀ ਚੰਗੀ ਕਾਰਗੁਜ਼ਾਰੀ ਵੇਖਦਿਆਂ ਧਾਰਮਿਕ ਵਿਸ਼ੇ ਦੀਆਂ ਕਈ ਹੋਰ ਫਿਲਮਾਂ ਵੀ ਰਿਲੀਜ਼ ਹੋਈਆਂ ਜੋ ਗੁਰਬਾਣੀ ਨਾਲ ਜੁੜ ਕੇ ਸੱਚੀ-ਸੁੱਚੀ ਕਿਰਤ ਕਰ ਕੇ ਵੰਡ ਛੱਕਣ ਦਾ ਉਪਦੇਸ਼ ਦਿੰਦੀਆਂ ਨਜ਼ਰ ਆਈਆਂ। ਰਾਮ ਮਹੇਸ਼ਵਰੀ ਦੀ 1969 'ਚ ਨੈਸ਼ਨਲ ਐਵਾਰਡ ਜੇਤੂ ਫਿਲਮ 'ਨਾਨਕ ਨਾਮ ਜਹਾਜ਼ ਹੈ' ਤੋਂ ਬਾਅਦ ਇਸ ਸਾਲ ਨਵੀਂ ਨਿਰਦੇਸ਼ਿਕਾ ਕਲਿਆਣੀ ਸਿੰਘ ਵੱਲੋਂ 'ਨਾਨਕ ਨਾਮ ਜਹਾਜ਼ ਹੈ' ਨਾਮ ਦੀ ਇੱਕ ਹੋਰ ਫਿਲਮ ਰਿਲੀਜ਼ ਕੀਤੀ ਗਈ। 1982 ਵਿੱਚ ਰਿਲੀਜ਼ ਹੋਈ ਕੇ. ਪੱਪੂ ਵੱਲੋਂ ਨਿਰਦੇਸ਼ਿਤ ਫਿਲਮ 'ਉੱਚਾ ਦਰ ਬਾਬੇ ਨਾਨਕ ਦਾ' ਆਪਣੇ ਸਮੇਂ ਦੀ ਸੁਪਰਡੁਪਰ ਹਿੱਟ ਫਿਲਮ ਰਹੀ ਹੈ। ਇਸੇ ਸਿਰਲੇਖ ਅਧੀਨ ਲੇਖਕ-ਨਿਰਦੇਸ਼ਕ ਤਰਨਪਾਲ ਸਿੰਘ ਜਗਪਾਲ ਦੀ ਫਿਲਮ ਰਿਲੀਜ਼ ਹੋਈ, ਪਰ ਇਸ ਫਿਲਮ ਨੂੰ ਚੰਗਾ ਹੁੰਗਾਰਾ ਨਾ ਮਿਲਿਆ। 2016 ਵਿੱਚ ਰਿਲੀਜ਼ ਹੋਈ ਸੁਪਰਡੁਪਰ ਹਿੱਟ ਫਿਲਮ 'ਅਰਦਾਸ' ਦਾ ਤੀਸਰਾ ਭਾਗ 'ਅਰਦਾਸ-ਸਰਬੱਤ ਦੇ ਭਲੇ ਦੀ' ਚੰਗੀ ਫਿਲਮ ਸਾਬਤ ਹੋਈ। ਪਹਿਲੀਆਂ ਦੋ ਫਿਲਮਾਂ ਵਾਂਗ ਇਸ ਫਿਲਮ ਨੂੰ ਵੀ ਦਰਸ਼ਕਾਂ ਦਾ ਚੰਗਾ ਪਿਆਰ ਮਿਲਿਆ, ਭਾਵੇਂ ਇਸ ਸਾਲ ਸੀਕੁਏਲ ਫਿਲਮਾਂ ਦਾ ਜ਼ਿਆਦਾ ਬੋਲ-ਬਾਲਾ ਰਿਹਾ, ਪ੍ਰੰਤੂ ਪਹਿਲੀਆਂ ਫਿਲਮਾਂ ਵਾਲੀ ਕਾਮਯਾਬੀ ਕਿਸੇ-ਕਿਸੇ ਦੇ ਹੱਥ ਹੀ ਆਈ। ਇਸ ਲੜੀ ਵਿੱਚ 'ਬਲੈਕੀਆ-2', 'ਰੁਪਿੰਦਰ ਗਾਂਧੀ 3', 'ਪ੍ਰਾਹੁਣਾ 2', 'ਫੇਰ ਮਾਮਲਾ ਗੜਬੜ ਹੈ', 'ਨੀਂ ਮੈਂ ਸੱਸ ਕੁੱਟਣੀ 2', 'ਸਰੰਡਰ', 'ਤਬਾਹੀ ਰਿਲੋਡਡ' ਆਦਿ ਫਿਲਮਾਂ ਆਈਆਂ ਜੋ ਸਿਰਫ਼ ਆਈਆਂ ਗਈਆਂ ਹੋ ਗਈਆਂ। ਚੰਗੀ ਤੇ ਉਸਾਰੂ ਸੋਚ ਵਾਲੇ ਨੌਜਵਾਨ ਹੈਪੀ ਰੋਡੇ ਦੀ ਇਸ ਸਾਲ ਰਿਲੀਜ਼ ਫਿਲਮ 'ਰੋਡੇ ਕਾਲਜ' ਕਾਫ਼ੀ ਚਰਚਾ ਵਿੱਚ ਰਹੀ। ਵਿਸ਼ੇ ਅਤੇ ਨਿਰਦੇਸ਼ਨ ਪੱਖੋਂ ਚੰਗੀ ਕਾਰਗੁਜ਼ਾਰੀ ਕਰਨ ਵਾਲੀ ਇਸ ਫਿਲਮ ਦੀ ਚਰਚਾ ਨੇ ਸਭ ਨੂੰ ਹੈਰਾਨ ਕੀਤਾ। ਅਮਰਿੰਦਰ ਗਿੱਲ ਇਸ ਸਾਲ ਦੋ ਫਿਲਮਾਂ ਲੈ ਕੇ ਆਇਆ, ਜਿਨ੍ਹਾਂ 'ਚੋਂ ਪਹਿਲੀ 'ਮਿੱਤਰਾਂ ਦਾ ਚੱਲਿਆ ਟਰੱਕ ਨੀਂ' ਵਿੱਚ ਉਹ ਇੱਕ ਡਰਾਈਵਰ ਦੇ ਕਿਰਦਾਰ ਵਿੱਚ ਨਜ਼ਰ ਆਇਆ। ਰਾਕੇਸ਼ ਧਵਨ ਵੱਲੋਂ ਨਿਰਦੇਸ਼ਤਿਤ ਇਸ ਫਿਲਮ ਵਿੱਚ ਸੁਨੰਦਾ ਸ਼ਰਮਾ, ਹਰਦੀਪ ਗਿੱਲ ਅਤੇ ਬੌਲੀਵੁੱਡ ਅਦਾਕਾਰਾ ਸਯਾਨੀ ਗੁਪਤਾ ਨੇ ਬਾਕਮਾਲ ਅਦਾਕਾਰੀ ਨਾਲ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਦੂਜੀ ਫਿਲਮ 'ਦਾਰੂ ਨਾ ਪੀਂਦਾ ਹੋਵੇ' ਸ਼ਰਾਬੀਆਂ ਦੇ ਮਾੜੇ ਲੱਛਣਾਂ ਸਦਕਾ ਪੈਦਾ ਹੋਈਆਂ ਪਰਿਵਾਰਕ ਉਲਝਣਾਂ ਦੀ ਕਹਾਣੀ ਪੇਸ਼ ਕਰਦੀ ਚੰਗੀ ਫਿਲਮ ਸਾਬਤ ਹੋਈ। ਦਿਲਜੀਤ ਦੁਸਾਂਝ ਦੀ ਫਿਲਮ 'ਜੱਟ ਐਂਡ ਜੂਲੀਅਟ 3' ਨੇ ਵੀ ਸਫਲਤਾ ਦੇ ਝੰਡੇ ਲਹਿਰਾਏ।





ਗਿੱਪੀ ਗਰੇਵਾਲ ਦਾ ਬੇਟਾ ਸ਼ਿੰਦਾ ਗਰੇਵਾਲ ਫਿਲਮ 'ਸ਼ਿੰਦਾ ਸ਼ਿੰਦਾ ਨੋ ਪਾਪਾ' ਨਾਲ ਚਰਚਾ ਵਿੱਚ ਆਇਆ। ਪੰਜਾਬ ਅਤੇ ਬਾਹਰਲੇ ਸੱਭਿਆਚਾਰ ਦੇ ਵਖਰੇਵੇਂ ਅਤੇ ਸਹੀ ਪਰਿਵਾਰਕ ਪਾਲਣ ਪੋਸ਼ਣ ਦੀ ਗੱਲ ਕਰਦੀ ਇਹ ਚੰਗੀ ਫਿਲਮ ਸੀ। ਪਿੰਡਾਂ ਦੀ ਸਕੂਲੀ ਸਿੱਖਿਆ ਪ੍ਰਣਾਲੀ 'ਤੇ ਵਿਅੰਗ ਕਸਦੀ ਪ੍ਰੀਤ ਹਰਪਾਲ ਦੀ ਫਿਲਮ 'ਪਿੰਡ ਆਲਾ ਸਕੂਲ' ਸੰਜੀਦਾ ਵਿਸ਼ੇ 'ਤੇ ਆਧਾਰਿਤ ਸੀ। ਬੱਬੂ ਮਾਨ ਦੀ ਫਿਲਮ 'ਸੁੱਚਾ ਸੂਰਮਾ' ਵੀ ਇਸੇ ਸਾਲ ਰਿਲੀਜ਼ ਹੋਈ। ਪੁਰਾਣੀ ਲੋਕ ਗਾਥਾ 'ਤੇ ਆਧਾਰਿਤ ਇਸ ਫਿਲਮ ਨੂੰ ਅਮਿਤੋਜ਼ ਮਾਨ ਨੇ ਬਹੁਤ ਬਾਰੀਕੀ ਨਾਲ ਨਿਰਦੇਸ਼ਿਤ ਕੀਤਾ। ਫਿਲਮ ਦੀ ਪ੍ਰਸ਼ੰਸਾ ਤਾਂ ਹੋਈ, ਪਰ ਬਹੁਤੀ ਚਰਚਾ ਨਾ ਹੋ ਸਕੀ।


ਪਰਿਵਾਰਕ ਉਲਝਣਾਂ ਵਾਲੀ ਸਮਾਜਿਕ ਵਿਸ਼ੇ ਦੀ ਫਿਲਮ 'ਸ਼ੁਕਰਾਨਾ' ਆਮ ਫਿਲਮਾਂ ਤੋਂ ਹਟਕੇ ਸੀ, ਜਿਸ ਵਿੱਚ ਦਿਓਰ-ਭਰਜਾਈ ਦੇ ਸਤਿਕਾਰ ਅਤੇ ਮਾਣ ਮਰਿਆਦਾ ਭਰੇ ਰਿਸ਼ਤੇ ਨੂੰ ਮਜਬੂਰੀ ਵੱਸ ਦੂਸਰੇ ਵਿਆਹ ਬੰਧਨ ਵਿੱਚ ਵਿਖਾਇਆ ਗਿਆ। ਪੰਜਾਬ ਦੀਆਂ ਸੱਚੀਆਂ ਕਹਾਣੀਆਂ ਦੇ ਹਵਾਲੇ ਨਾਲ ਪੇਸ਼ ਕੀਤੀ ਇਸ ਫਿਲਮ ਦੇ ਕੁਝ ਦ੍ਰਿਸ਼ ਕਾਲਜੇ ਤੋਂ ਰੁੱਗ ਭਰਦੇ ਨਜ਼ਰ ਆਏ। ਚੰਗੀ ਫਿਲਮ ਹੋਣ ਦੇ ਬਾਵਜੂਦ ਇਹ ਬਹੁਤੀ ਲੰਮਾ ਸਮਾਂ ਸਿਨੇਮਾਂ ਘਰਾਂ ਵਿੱਚ ਨਾ ਟਿਕ ਸਕੀ। ਲੇਖਕ ਨਿਰਦੇਸ਼ਕ ਨਵ ਬਾਜਵਾ ਦੀ ਫਿਲਮ 'ਰੇਡੂਆ ਰਿਟਰਨਜ਼' ਨੇ ਦਰਸ਼ਕਾਂ ਨੂੰ ਬੁਰੀ ਤਰ੍ਹਾਂ ਨਿਰਾਸ਼ ਕੀਤਾ। ਐਮੀ ਵਿਰਕ ਇਸ ਸਾਲ ਬੌਲੀਵੁੱਡ ਵਿੱਚ ਸਰਗਰਮ ਰਿਹਾ ਅਤੇ ਪੰਜਾਬੀ ਸਿਨੇਮਾ ਲਈ ਸਿਰਫ਼ ਇੱਕ ਫਿਲਮ 'ਕੁੜੀ ਹਰਿਆਣੇ ਵੱਲ ਦੀ' ਨਾਲ ਇਸ਼ਕ ਪੇਚੇ ਲੜਾਉਂਦਾ ਨਜ਼ਰ ਆਇਆ। ਭਲਵਾਨੀ ਦੀ ਆੜ 'ਚ ਰੁਮਾਂਟਕ ਵਿਸ਼ੇ ਦੀ ਇਹ ਫਿਲਮ ਦਰਸ਼ਕਾਂ ਨੇ ਪਸੰਦ ਕੀਤੀ। ਇਸ ਵਿੱਚ ਐਮੀ ਵਿਰਕ ਪਹਿਲੀ ਵਾਰ ਭਲਵਾਨੀ ਕਰਦਾ ਨਜ਼ਰ ਆਇਆ।

# ਮੈਂ ਤਿੜਕੇ ਘੜੇ ਦਾ ਪਾਣੀ ਕੱਲ੍ਹ ਤੱਕ ਨਹੀਂ ਰਹਿਣਾ



ਡਾ. ਰਾਜਵੰਤ ਕੌਰ ਮਾਨ
778 863 9890

ਉਪ੍ਰੋਕਤ ਸਤਰਾਂ ਲਿਖਣ ਵਾਲ਼ੀ ਚੇਤਨਾ ਦੇ ਮਘਦੇ ਅੰਗਿਆਰ ਲੈ ਕੇ ਪੈਦਾ ਹੋਈ ਅੰਮ੍ਰਿਤ ਕੌਰ ਸਾਹਿਤ ਦੇ ਇਤਿਹਾਸ ਵਿਚ ਅੰਮ੍ਰਿਤਾ ਪ੍ਰੀਤਮ ਬਣ ਕੇ ਹੀਰੇ ਵਾਂਗ ਚਮਕੀ। ਉਹ ਸਾਂਝੇ ਪੰਜਾਬ ਦੇ ਪੱਛਮੀ ਖਿੱਤੇ ਅੰਦਰ ਗੁੱਜਰਾਂਵਾਲ਼ੇ ਵਿਚ 31 ਅਗਸਤ, 1919 ਨੂੰ ਸਰਦਾਰ ਕਰਤਾਰ ਸਿੰਘ ਹਿਤਕਾਰੀ ਤੇ ਰਾਜਬੀਬੀ ਦੇ ਘਰ ਪੈਦਾ ਹੋਈ। ਪਿਤਾ ਸੰਸਕ੍ਰਿਤ, ਹਿੰਦੀ, ਪੰਜਾਬੀ ਅਤੇ ਯੋਗਵਿੱਦਿਆ ਦੇ ਮਾਹਿਰ ਕਵੀ, ਪਹਿਲਾਂ ਨੰਦ- ਸਾਧੂ ਸਨ ਜੋ ਰਾਜਬੀਬੀ ਨੂੰ ਜੀਵਨ-ਸਾਥਣ ਬਣਾ ਕੇ ਕਰਤਾਰ ਸਿੰਘ ਹਿਤਕਾਰੀ ਦੇ ਨਾਂ ਨਾਲ਼ ਪ੍ਰਸਿੱਧ ਹੋਏ। ਅੰਮ੍ਰਿਤ ਕੌਰ ਨੂੰ ਚੇਤਨਾ ਦੇ ਉੱਚ ਗੁਣ ਆਪਣੇ ਮਾਤਾ-ਪਿਤਾ ਕੋਲ਼ੋਂ ਵਿਰਸੇ ਵਿਚ ਮਿਲੇ। ਉਹ ਅਜੇ ਅੱਠ ਸਾਲਾਂ ਦੀ ਸੀ ਕਿ ਉਸ ਦੀ ਮਾਤਾ ਨੂੰ ਚੰਦਰੀ ਬੀਮਾਰੀ ਚਿੰਬੜ ਗਈ। ਪਿਤਾ ਦੀ ਸਿੱਖਿਆ ਅਨੁਸਾਰ ਅੰਮ੍ਰਿਤ ਮਾਂ ਦੇ ਰਾਜ਼ੀ ਹੋਣ ਲਈ ਹਰ ਵੇਲ਼ੇ ਪ੍ਰਾਰਥਨਾ ਕਰਦੀ ਪਰ ਮਾਂ ਨਾ ਬਚ ਸਕੀ। ਬੱਚੀ ਅੰਮ੍ਰਿਤ ਦਾ ਰੱਬ ਤੋਂ ਵਿਸਵਾਸ਼ ਉੱਠ ਗਿਆ। ਉਸ ਦੇ ਬਾਲ-ਮਨ ਉੱਤੇ ਅਜਿਹੀ ਗਹਿਰੀ ਸੱਟ ਵੱਜੀ ਕਿ ਧਾਰਮਿਕ ਵਿਚਾਰ ਬਦਲਨੇ ਸ਼ੁਰੂ ਹੋ ਗਏ। ਉਸ ਨੇ ਪਿਤਾ ਦੀ ਸਿੱਖਿਆ ਅਨੁਸਾਰ ਪਹਿਲਾਂ ਧਾਰਮਿਕ ਅਤੇ ਸਮਾਜਿਕ ਵਿਸ਼ਿਆਂ 'ਤੇ ਕਵਿਤਾਵਾਂ ਲਿਖੀਆਂ। ਪਹਿਲੀ ਕਵਿਤਾਵਾਂ ਦੀ ਕਿਤਾਬ "ਅੰਮ੍ਰਿਤ ਲਹਿਰਾਂ" ਛਪੀ। ਪਿਤਾ ਦੀ ਉਸ ਨੂੰ ਧਾਰਮਿਕ ਵਿਚਾਰਧਾਰਾ ਨਾਲ਼ ਜੋੜੀ ਰੱਖਣ ਦੀ ਪੂਰੀ ਕੋਸ਼ਿਸ਼ ਦੇ ਬਾਵਜੂਦ ਅੰਮ੍ਰਿਤ ਬਗ਼ਾਵਤੀ ਸੋਚ ਅਪਣਾਉਂਦੀ ਰਹੀ। ਉਹ ਕਵੀ ਦਰਬਾਰਾਂ ਵਿਚ ਜਾਣ ਲੱਗੀ। ਇੱਕ ਸੁੰਦਰ ਦਿੱਖ ਵਾਲ਼ੀ ਵਧੀਆ ਕਵਿੱਤਰੀ ਵਜੋਂ ਜਾਣੀ ਜਾਣ ਲੱਗੀ। ਕਵੀ ਦਰਬਾਰਾਂ ਵਿਚ ਹੀ ਸਾਹਿਰ ਲੁਧਿਆਣਵੀ ਦੇ ਸੰਪਰਕ ਵਿਚ ਆਈ। ਮਨ ਹੀ ਮਨ ਉਸ ਦੇ ਇਸ਼ਕ ਵਿਚ ਦੀਵਾਨੀ ਹੋ ਗਈ। ਪਿਤਾ ਨੇ 16 ਸਾਲ ਦੀ ਉਮਰ ਵਿਚ ਉਸ ਦਾ ਵਿਆਹ ਸਰਦਾਰ ਪ੍ਰੀਤਮ ਸਿੰਘ ਕਵਾਤੜਾ ਨਾਲ਼ ਕਰ ਦਿੱਤਾ। ਪੰਜਾਬ ਦੀ 1947 ਦੀ ਖ਼ੂਨੀ ਵੰਡ ਤੱਕ ਪਤੀ ਨਾਲ਼ ਲਾਹੌਰ ਵਿਚ ਰਹੀ। ਪ੍ਰੀਤਮ ਸਿੰਘ ਬੜਾ ਸੁਹਿਰਦ ਵਿਅੱਕਤੀ ਸੀ ਜੋ ਅੰਮ੍ਰਿਤਾ ਦੀ ਆਜ਼ਾਦ ਜ਼ਿੰਦਗੀ ਵਿਚ ਦਖਲ ਨਹੀਂ ਸੀ ਦਿੰਦਾ। ਥੋਕ ਦਾ ਵਪਾਰ ਕਰਦਾ ਸੀ। ਸਾਹਿਰ ਲੁਧਿਆਣਵੀ ਘਰ ਵੀ ਮਿਲਣ ਆਉਂਦਾ। ਅੰਮ੍ਰਿਤਾ ਦੀ ਬਹੁਤੀ ਕਵਿਤਾ ਸਾਹਿਰ ਦੇ ਇਸ਼ਕ ਨੂੰ ਸਮਰਪਿਤ ਹੁੰਦੀ। ਦੋਵੇਂ ਇਕ ਦੂਜੇ ਨੂੰ ਇਸ਼ਕ ਕਰਦੇ ਸਨ ਪਰ ਸਾਹਿਰ ਵੱਲੋਂ ਚੁੱਪੀ ਧਾਰੀ ਰਹੀ। ਦੋਵੇਂ ਸਦੀਵੀ ਬੰਧਨ ਵਿਚ ਨਾ ਬੱਝ ਸਕੇ ਪਰ ਅੰਮ੍ਰਿਤਾ ਨੂੰ ਸਾਹਿਰ ਨਾਲ਼ ਹਮੇਸ਼ਾ ਇਸ਼ਕ ਰਿਹਾ। ਅੰਮ੍ਰਿਤਾ ਪ੍ਰੀਤਮ ਨੇ ਪਰੌਢ ਉਮਰ ਵਿਚ ਸ੍ਵੈਜੀਵਨੀ 'ਰਸੀਦੀ ਟਿਕਟ 'ਲਿਖੀ ਜਿਸ ਵਿਚ ਉਸ ਨੇ ਇਸ ਸਚਾਈ ਨੂੰ ਆਪ ਕਬੂਲ ਕੀਤਾ ਹੈ। ਉਹ ਲਿਖਦੀ ਹੈ ਕਿ ਜਦ ਸਾਹਿਰ ਉਸ ਦੇ ਘਰ ਆਉਂਦਾ ਤਾਂ ਉਸ ਦੀਆਂ ਸਿਗਰਟਾਂ ਦੇ ਬਚੇ ਟੋਟੇ ਐਸ਼ ਟਰੇਅ ਵਿੱਚੋਂ ਕੱਢ ਕੇ ਪੀਂਦੀ ਰਹਿੰਦੀ, "ਮੈਨੂੰ ਸਿਗਰਟ ਪੀਣ ਦੀ ਆਦਤ ਪੈ ਗਈ।" ਰਸੀਦੀ ਟਿਕਟ ਕਾਵਿਕ ਨਾਵਲ ਵਾਂਗ ਦਿਲਚਸਪ ਹੈ, ਇਹ ਸਾਹਿਤ-ਜਗਤ ਵਿਚ ਵਧੀਆ ਜੀਵਨੀ ਮੰਨੀ ਜਾਂਦੀ ਹੈ। ਪਾਕਿਸਤਾਨ ਵੱਖਰਾ ਮੁਲਕ ਬਨਾਉਣ ਦੀ ਸਾਜ਼ਿਸ਼ ਅੰਗ੍ਰੇਜ਼ੀ ਸਰਕਾਰ ਦੀ ਕੂਟਨੀਤੀ ਅਤੇ ਸਿਆਸੀ ਆਗੂਆਂ ਦੀ ਕਮੀਨਗੀ ਸਦਕਾ ਸਿਰੇ ਚੜ੍ਹੀ ਜਿਸ ਦੇ ਸਿੱਟੇ ਵਜੋਂ ਪੰਜਾਬ ਅਤੇ ਬੰਗਾਲ ਦੀ ਵੰਡ ਹੋਈ। ਪੰਜਾਬ ਅੰਦਰ ਸ਼ਰਨਾਰਥੀਆਂ ਦੇ ਕਾਫਲੇ ਦੋਨੋਂ ਪਾਸੇ ਅੰਤਾਂ ਦੇ ਤਸੀਹੇ ਸਹਾਰਦੇ ਹੋਏ ਆਉਂਦੇ ਜਾਂਦੇ ਰਹੇ। ਮਜ਼ਹਬੀ ਤੁਅੱਸਬ ਕਾਰਨ ਹਜ਼ਾਰਾਂ ਧੀਆਂ ਭੈਣਾਂ ਦੀ ਇੱਜ਼ਤ ਲੁੱਟੀ ਗਈ, ਲੱਖਾਂ ਜਾਨਾਂ ਕੋਹ-ਕੋਹ ਮਾਰੀਆਂ ਗਈਆਂ। ਅੰਮ੍ਰਿਤਾ ਦਾ ਪਰਿਵਾਰ ਪਹਿਲਾਂ ਡੇਹਰਾਦੂਨ ਪਹੁੰਚਿਆ, ਫੇਰ ਦਿੱਲੀ ਆ ਗਿਆ।



ਅੰਮ੍ਰਿਤਾ ਨੇ ਆਪਣੀ ਇਤਿਹਾਸਕ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਰੇਲ-ਗੱਡੀ ਵਿਚ ਸਫਰ ਕਰਦਿਆਂ ਲਿਖੀ। ਇਹ ਕਵਿਤਾ ਵੰਡ ਸਮੇਂ ਹੋਏ ਖ਼ੂਨੀ ਦੰਗਿਆਂ ਦੇ ਦਰਦ ਦਾ ਹੂਕ ਭਰਿਆ ਭਾਵੁਕਤਾ ਨਾਲ਼ ਓਤ-ਪੋਤ ਵਰਨਣ ਉਸ ਵੇਲ਼ੇ ਦਾ ਇਤਿਹਾਸਕ ਦਸਤਾਵੇਜ਼ ਹੈ। ਇਹ ਮਕਬੂਲ ਕਵਿਤਾ ਦੋਵਾਂ ਪੰਜਾਬਾਂ ਅੰਦਰ ਗਾਈ ਜਾਂਦੀ ਹੈ ਜਿਸ ਨੂੰ ਸੁਣ ਕੇ ਸੁਰੋਤਿਆਂ ਦੇ ਅੱਥਰੂਆਂ ਰਾਹੀਂ ਦਰਦ ਵਹਿੰਦਾ ਹੈ। ਜਿਉਂ ਜਿਉਂ ਉਹ ਸਾਹਿਤ ਸਿਰਜਣਾ ਕਰਦੀ ਗਈ, ਸਾਹਿਤਕ ਹਲਕਿਆਂ ਵਿਚ ਉਸ ਦਾ ਕੱਦ ਹੋਰ ਉੱਚਾ ਹੁੰਦਾ ਗਿਆ।

ਅੰਮ੍ਰਿਤਾ ਨੂੰ ਆਲ ਇੰਡੀਆ ਰੇਡੀਓ ਦਿੱਲੀ ਵਿਚ ਨੌਕਰੀ ਮਿਲ ਗਈ। ਇੱਥੇ ਆਉਣਾ ਜਾਣਾ ਹੀ ਉਸ ਦੇ ਇਮਰੋਜ਼ ਨਾਲ ਸੰਪਰਕ ਹੋਣ ਦਾ ਸਬੱਬ ਬਣ ਗਿਆ। ਇੰਦਰਜੀਤ ( ਇਮਰੋਜ਼) ਉਸ ਸਮੇਂ 'ਸ਼ਮ੍ਹਾਂ' ਨਾਂ ਦੇ ਰਸਾਲੇ ਵਿਚ ਆਰਟਿਸਟ ਵਜੋਂ ਕੰਮ ਕਰ ਰਿਹਾ ਸੀ। ਇੰਦਰਜੀਤ ਮੇਰੇ ਪਤੀ ਨਿਰੰਜਣ ਸਿੰਘ ਮਾਨ ਦਾ ਦੋਸਤ ਸੀ। ਇਹ ਦੋਵੇਂ ਜਮਾਤੀ ਖਾਲਸਾ ਸਕੂਲ, ਚੱਕ 41, ਲਾਇਲਪੁਰ ਵਿਖੇ ਦਸਵੀਂ ਜਮਾਤ ਤੱਕ ਇਕੱਠੇ ਪੜ੍ਹੇ। ਪੰਜਾਬ ਦੀ ਵੰਡ ਤੋਂ ਬਾਅਦ ਦੋਵੇਂ ਏਧਰ ਮਿਲ ਗਏ ਜਿਸ ਬਦੌਲਤ ਅਸੀਂ ਅੰਮ੍ਰਿਤਾ ਪ੍ਰੀਤਮ ਨੂੰ ਮਿਲਦੇ ਰਹੇ। ਅੰਮ੍ਰਿਤਾ ਦਾ ਪਰਿਵਾਰ 20, ਹੌਜ਼ ਖਾਸ, ਦਿੱਲੀ ਆਲੀਸ਼ਾਨ ਮਕਾਨ ਵਿਚ ਰਹਿਣ ਲੱਗਿਆ। ਇਮਰੋਜ਼ ਇੱਥੇ ਆਉਂਦਾ ਜਾਂਦਾ ਰਿਹਾ ਅਤੇ ਫੇਰ ਇਸ ਘਰ ਵਿਚ ਹੀ ਰਹਿਣ ਲੱਗ ਪਿਆ। ਉਹ ਪਰਿਵਾਰ ਵਿਚ ਏਨਾ ਰਚ-ਮਿਚ ਗਿਆ ਕਿ ਦੋਵਾਂ ਵਿਚ ਗੂਹੜੀ ਦੋਸਤੀ ਇਸ਼ਕ-ਇਬਾਦਤ ਵਿਚ ਰੰਗੀ ਗਈ। ਇਮਰੋਜ਼ ਵਧੀਆ ਚਿਤ੍ਰਕਾਰ ਸੀ। ਉਹ ਹਰ ਵੇਲ਼ੇ ਅੰਮ੍ਰਿਤਾ ਦੀ ਹਿਫ਼ਾਜ਼ਤ ਅਤੇ ਸੰਭਾਲ਼ ਵਿਚ ਲੱਗਿਆ ਰਹਿੰਦਾ, ਉਸ ਦੀਆਂ ਕਿਤਾਬਾਂ ਦੇ ਸਰਵਰਕਾਂ (ਟਾਈਟਲਾਂ) ਦੇ ਡੀਜ਼ਾਈਨ ਬਣਾਉਂਦਾ, ਰਿਸਾਲੇ 'ਨਾਗਮਣੀ' ਦੇ ਵਰਕਿਆਂ ਨੂੰ ਚਿਤਰਾਂ ਨਾਲ਼ ਸ਼ਿੰਗਾਰਦਾ ਅਤੇ ਕਮਰੇ ਦੀਆਂ ਕੰਧਾਂ ਨੂੰ ਵੀ ਇਨ੍ਹਾਂ ਚਿਤਰਾਂ ਨਾਲ਼ ਸਜਾਉਂਦਾ ਰਹਿੰਦਾ। ਜਿਧਰ ਵੇਖੋ, ਅੰਮ੍ਰਿਤਾ ਹੀ ਸਜੀ ਦਿਸਦੀ। ਇਮਰੋਜ਼ ਦੀਆਂ ਕਲਾ-ਕਿਰਤਾਂ ਤਕ ਕੇ ਅੱਖਾਂ ਚੁੰਧਿਆ ਜਾਂਦੀਆਂ ਸਨ। ਮੈਂ ਤੇ ਮੇਰਾ ਪਤੀ ਅਕਸਰ ਹੀ ਉਨ੍ਹਾਂ ਨੂੰ ਮਿਲਦੇ ਰਹਿੰਦੇ ਸਾਂ। ਅਸੀਂ ਕੈਨੇਡਾ ਤੋਂ ਆਉਂਦੇ ਜਾਂਦੇ ਕਈ ਵਾਰ ਕੁੱਝ ਸਮੇਂ ਲਈ ਉਨ੍ਹਾਂ ਨੂੰ ਮਿਲ ਕੇ ਆਉਂਦੇ। ਇਹ ਸਾਡੇ ਅੱਖੀਂ ਡਿੱਠਾ ਵਰਨਣ ਹੈ। ਅੰਮ੍ਰਤਾ ਜਦੋਂ ਕਵੀ ਦਰਬਾਰਾਂ 'ਤੇ ਅੰਮ੍ਰਤਸਰ, ਜਲੰਧਰ ਜਾਂ ਪਟਿਆਲ਼ੇ ਆਉਂਦੀ, ਅਸੀਂ ਉਸ ਨੂੰ ਮਿਲਣ ਓਥੇ ਪਹੁੰਚ ਜਾਂਦੇ। ਇਮਰੋਜ਼ ਹਰ ਸਮੇਂ ਉਸ ਦੇ ਨਾਲ਼ ਹੁੰਦਾ ਸੀ।

ਅੰਮ੍ਰਤਾ ਨੇ ਕਵਿਤਾ, ਕਹਾਣੀਆਂ, ਨਾਵਲ ਅਤੇ ਸ੍ਵੈਜੀਵਨੀ ਸਾਹਿਤ ਦੀ ਝੋਲ਼ੀ ਪਾਏ। ਉਸ ਦੇ ਪ੍ਰਸਿੱਧ ਨਾਵਲ ਡਾ. ਦੇਵ, ਪਿੰਜਰ, ਕੋਰੇ ਕਾਗਜ਼ ਤੇ ਇਕ ਸੀ ਅਨੀਤਾ ਮੰਨੇ ਗਏ ਹਨ। ਨਾਵਲ ਪਿੰਜਰ 'ਤੇ ਬਣੀ ਫਿਲਮ ਪੰਜਾਬ ਦੀ ਦੁੱਖਦਾਈ ਵੰਡ ਉਪਰ ਆਧਾਰਿਤ ਸੀ ਜੋ ਬੜੀ ਮਕਬੂਲ ਹੋਈ। ਵੱਖਰੀ ਦਿੱਖ ਵਾਲ਼ਾ ਮਾਸਿਕ ਰਿਸਾਲਾ 'ਨਾਗਮਣੀ' 30 ਸਾਲਾਂ ਤੋਂ ਵੱਧ ਸਮੇਂ ਲਈ ਛਪਦਾ ਰਿਹਾ ਜਿਸ ਉਪਰ ਸੰਪਾਦਕ ਦੀ ਥਾਂ ਅੰਕਿਤ ਹੁੰਦਾ ਸੀ, ਕਾਮੇ – ਅੰਮ੍ਰਿਤਾ ਇਮਰੋਜ਼। ਉਸ ਦੇ ਕਾਵਿ-ਸੰਗ੍ਰਹਿ 'ਸੁਨੇਹੜੇ' ਨੂੰ 1956 ਵਿਚ ਸਾਹਿਤ ਅਕਾਦਮੀ ਦਿੱਲੀ ਤੋਂ ਐਵਾਰਡ ਮਿਲਿਆ। ਪੰਜਾਬੀ ਵਿਚ ਇਹ ਐਵਾਰਡ ਪ੍ਰਾਪਤ ਕਰਨ ਵਾਲ਼ੀ ਉਹ ਪਹਿਲੀ ਔਰਤ ਸੀ। ਇਸ ਤੋਂ ਬਿਨਾ 1969 ਵਿਚ 'ਪਦਮਸ਼੍ਰੀ' ਅਤੇ 2004 ਵਿਚ 'ਪਦਮ ਭੂਸ਼ਣ' ਦੀ ਉਪਾਧੀ ਨਾਲ ਸਨਮਾਨਿਤ ਕੀਤੀ ਗਈ। ਕਿਤਾਬ 'ਕਾਗਜ਼ ਤੇ ਕੈਨਵਸ' ਨੂੰ 1982 ਵਿਚ 'ਜਨਪੀਠ ਐਵਾਰਡ' ਨਾਲ਼ ਨਿਵਾਜੀ ਗਈ। ਕਈ ਯੂਨੀਵਰਸਿਟੀਆਂ ਨੇ ਆਨਰੇਰੀ ਡੀ.ਲਿਟ ਦੀਆਂ ਡਿਗਰੀਆਂ ਦਿੱਤੀਆਂ। ਅਸੀਂ ਮਾਰਚ, 2005 ਵਿਚ ਬੀਮਾਰ ਅੰਮ੍ਰਿਤਾ ਦੇ ਮੰਜੇ ਤੇ ਪਈ ਦੇ ਦਰਸ਼ਨ ਕਰ ਕੇ ਤੇ ਇਮਰੋਜ਼ ਨੂੰ ਸਹਾਰਾ ਦੇ ਕੇ ਉਦਾਸ ਮਨ ਨਾਲ਼ ਕੈਨੇਡਾ ਚਲੇ ਗਏ ਜੋ ਆਖਰੀ ਦਰਸ਼ਨ ਸਾਬਤ ਹੋਏ। ਮੈਂ ਅੰਮ੍ਰਿਤਾ ਦੀ ਹਾਲਤ ਬਾਰੇ 'ਸਿਜਦਾ' ਸਿਰਲੇਖ ਹੇਠ 'ਇੰਡੋ ਕੈਨੇਡੀਅਨ ਟਾਈਮਜ਼' ਵਿਚ ਲੇਖ ਛਪਵਾਇਆ। ਸੰਨ 1905 ਦੇ 31 ਅਗਸਤ ਦੀ ਰਾਤ ਨੂੰ ਦੋਹਾਂ ਪੰਜਾਬਾਂ ਦੀ ਸਾਂਝੀ ਧੀ ਨੇ ਆਖਰੀ ਸਾਹ ਲਿਆ ਅਤੇ ਸਾਹਿਤ ਜਗਤ ਦੇ ਆਕਾਸ਼ ਉਪਰ ਸ਼ਾਨਾਮੱਤਾ ਚਮਕਦਾ ਸਿਤਾਰਾ ਬਣ ਗਈ। ਉਸ ਦੀ ਲੇਖਣੀ, ਵਿਲੱਖਣ ਜੀਵਨ-ਸ਼ੈਲੀ ਤੇ ਇਸ਼ਕ ਦੀ ਹੂਕ ਪਾਠਕਾਂ ਨੂੰ ਲੰਮੇ ਸਮਿਆਂ ਤਕ ਹਲੂਣਦੀ ਰਹੇਗੀ।

ਸੂਰਜ ਦੇਵਤਾ ਬੂਹੇ 'ਤੇ ਆਣ ਢੁੱਕਾ, ਕਿਸੇ
ਕਿਰਨ ਨਾ ਉੱਠ ਕੇ ਤੇਲ ਚੋਇਆ
ਸਾਡੇ ਇਸ਼ਕ ਨੇ ਇਕ ਸਵਾਲ ਪਾਇਆ,
ਉੱਤਰ ਕਿਸੇ ਨਾ ਰੱਬ ਤੋਂ ਦੇਣ ਹੋਇਆ।

ਉਸ ਦਾ ਇਸ਼ਕ ਇਕ ਸਵਾਲ ਬਣ ਕੇ
ਰਹਿ ਗਿਆ।
ਰਲ ਗਈ ਸੀ ਏਸ ਵਚ ਇਕ ਬੂੰਦ ਤੇਰੇ
ਇਸ਼ਕ ਦੀ,
ਇਸ ਲਈ ਮੈਂ ਉਮਰ ਦੀ ਸਾਰੀ ਕੁੜੱਤਣ
ਪੀ ਲਈ।
ਗੀਤ ਮੇਰੇ ਇਸ਼ਕ ਦਾ ਕਰਜ਼ਾ ਅਦਾ
ਤੇਰੀ ਹਰ ਇਕ ਸਤਰ 'ਚੋਂ ਆਏ ਜ਼ਮਾਨੇ
ਦੀ ਸਦਾ।

ਅੰਮ੍ਰਤਾ ਦੀ ਜੀਵਨ-ਸ਼ੈਲੀ ਅਤੇ ਨਿਵੇਕਲਾ ਇਸ਼ਕ ਉਸ ਸਮੇਂ ਦੇ ਸਮਾਜ ਨੂੰ ਪ੍ਰਵਾਨ ਨਹੀਂ ਹੋਇਆ ਪਰ ਬਦਲਦੀਆਂ ਕਦਰਾਂ ਕੀਮਤਾਂ ਨਾਲ਼ ਉਸ ਨੂੰ ਪ੍ਰਵਾਨਗੀ ਮਿਲੇਗੀ। ਅੰਮ੍ਰਿਤਾ ਬਾਰੇ ਲਿਖਣ ਵਾਲ਼ਾ ਚੇਤਿਆਂ ਵਿਚ ਬਹੁਤ ਕੁੱਝ ਪਿਆ ਹੈ ਪਰ ਲੇਖ ਦੀ ਲੰਬਾਈ ਦਾ ਖਿਆਲ ਰੋਕ ਰਿਹਾ ਹੈ। ਸਾਡੀ ਨਿੱਜੀ ਸਾਂਝ ਦੀਆਂ ਚੇਤੇ ਵਿਚ ਪਈਆਂ ਯਾਦਾਂ ਵਿੱਚੋਂ ਇਹੀ ਸਾਡੀ ਪਿਆਰੀ ਅੰਮ੍ਰਿਤਾ ਨੂੰ ਸਿਜਦਾ ਹੈ।


ਨਵੇਂ ਸਾਲ ਅਤੇ ਲੋਹੜੀ
ਦੀਆਂ ਲੱਖ ਲੱਖ
ਵਧਾਈਆਂ


Nav Immigration Services
Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorhip · Refugee Applications
· Citizenship Applications · LMIA Applications · PNP
Giving my best for your success
rcic · cric
Navjeet Kaur
Director, RCIC
(Regulated Canadian Immigraton Consultant)
ਕਨੇਡਾ ਵਿੱਚ ਚੰਗੇ ਭਵਿੱਖ ਲਈ
ਚੰਗੇ ਇਮੀਗ੍ਰੇਸ਼ਨ ਸਲਾਹਕਾਰ
ਦਾ ਹੋਣਾ ਜਰੂਰੀ ਹੈ
306-201-4464
Regina, SK
navimmigrationservices@gmail.com


H&H
TRANSPORTS INC.
1575 PARK STREET , REGINA
ਕਨੇਡਾ ਅਮਰੀਕਾ ਲਈ
ਡਰਾਈਵਰਾਂ ਅਤੇ
ਓਨਰ ਅਪਰੇਟਰਾਂ
ਦੀ ਲੋੜ ਹੈ
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY
306-537-6403
GARRY
306-201-9222

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਹਾਂਸ ਪਰਿਵਾਰ ਦੇ ਲੜਕੇ,ਉਮਰ 26 ਸਾਲ,ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਟੈਕਨੀਸ਼ੀਅਨ ਡਿਪਲੋਮਾ ਹੋਲਡਰ ਲਈ ਪੜੀ ਲਿਖੀ,ਲੰਮੇ ਕੱਦ ਵਾਲੀ,ਪਰਿਵਾਰਕ ਕਦਰਾਂ ਕੀਮਤਾਂ ਨੂੰ ਸਮਝਣ ਵਾਲੀ, ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 437 233 5450 ਜਾਂ ਵਟਸਐਪ: 95011 86208 ***264***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਬੀ ਸੀ ਰਹਿੰਦੇ ਜੱਟ ਸਿੱਖ ਚੀਮਾਂ ਪਰਿਵਾਰ ਦੇ ਹਾਕੀ ਪਲੇਅਰ ਲੜਕੇ ਉਮਰ 33 ਸਾਲ, ਕੱਦ 6 ਫੁੱਟ 2 ਇੰਚ, ਅਕਾਊਂਟਿੰਗ ਡਿਪਲੋਮਾਂ ਹੋਲਡਰ, ਹੁਣ 70 ਤੋਂ 80 ਹਜਾਰ ਡਾਲਰ ਦੀ ਚੰਗੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਅਤੇ ਕੈਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ: 403 918 5718 ਜਾਂ 403 293 5718 ***264***

### ਲੜਕੀ ਦੀ ਲੋੜ

ਜੱਟ ਸਿੱਖ ਹੁੰਦਲ ਪਰਿਵਾਰ ਦੇ ਵਿਜੀਟਰ ਵੀਜ਼ੇ ਤੇ ਆਏ ਨਸ਼ਾ ਰਹਿਤ ਲੜਕੇ, ਉਮਰ 28 ਸਾਲ ਕੱਦ 5 ਫੁੱਟ 10 ਇੰਚ ਵਿਦਿਅਕ ਯੋਗਤਾ: +2,ਆਈ ਟੀ ਆਈ ਤੋਂ ਵੈਲਡਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ,ਸਟੱਡੀ ਪਰਮਿਟ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਾਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦੀ ਵੱਡੀ ਭੈਣ ਕਨੇਡਾ ਸੈਂਟਲ ਹੈ।ਮਾਪਿਆਂ ਕੋਲ ਵੀ ਕਨੇਡੀਅਨ ਵੀਜ਼ਾ ਹੈ । ਵਿਨੀਪੈਗ ਨੂੰ ਪਹਿਲ 431-866-5313 ਜਾਂ ਈਮੇਲ- hundalsingh996@gmail.com ***264***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜ਼ਾ ਉੱਪਰ ਆਏ ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ ਉਮਰ 24 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਗਰੇਡ 12, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 905 781 8408 ਜਾਂ ਈ ਮੇਲ: arshpreetsaran3 @gmail.com ***263 ***

### ਲੜਕੀ ਦੀ ਲੋੜ

ਕਨੇਡੀਅਨ ਜੰਮਪਲ, ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਮਾਸਟਰ ਇਨ ਅਕਾਊਂਟਿੰਗ, ਆਪਣੇ ਬਿਜਨਿਸ ਵਿੱਚ ਵੈੱਲ ਸੈਟਲਡ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕਨੇਡੀਅਨ ਜੰਮਪਲ, ਕੱਦ 5 ਫੁੱਟ 4 ਇੰਚ ਤੋਂ 5 ਫੁੱਟ 8 ਇੰਚ ਦੇ ਵਿਚਕਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ। ਸੰਪਰਕ: 1 306 470 0094 ***263 ***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਪੱਗ ਬੰਨਦੇ, ਵੈਜੀਟੇਰੀਅਨ ਲੜਕੇ ਉਮਰ 28 ਸਾਲ,ਕੱਦ 5 ਫੁੱਟ 8 ਇੰਚ ਪੜਾਈ ਲਿਖਾਈ: ਪਲੱਸ 2: ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕਨੇਡਾ ਰਹਿੰਦੀਆਂ ਹਨ। ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। 403 483 9228 ਜਾਂ ਈ ਮੇਲ: Gursewakgill94@yahoo.com ***263 ***

### ਲੜਕੇ ਦੀ ਲੋੜ

ਪੰਜਾਬ ਦੇ ਤਲਵੰਡੀ ਸਾਬੋ ਇਲਾਕੇ ਨਾਲ ਸਬੰਧਿਤ ਔਲਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਜਨਮ 1982,ਕੱਦ 5 ਫੁੱਟ 7 ਇੰਚ, ਪੜਾਈ ਲਿਖਾਈ ਪਲੱਸ 2 ਐਂਡ ਐਨ ਟੀ ਟੀ, ਹੁਣ ਪਰਾਈਵੇਟ ਸਕੂਲ ਵਿੱਚ ਟੀਚਰ ਦੀ ਜੌਬ ਕਰਦੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੀਆਂ ਦੂਜੀਆਂ ਭੈਣਾਂ ਇੰਡੀਆ ਅਤੇ ਕੈਨੇਡਾ ਵੈੱਲ ਸੈਟਲਡ ਹਨ। ਛੋਟਾ ਭਰਾ ਖੇਤੀਬਾੜੀ ਅਤੇ ਮੈਰਿਜ ਪੈਲੇਸ ਤਲਵੰਡੀ ਸਾਬੋ ਕਾਰੋਬਾਰੀ ਹੈ। ਸੰਪਰਕ: 91 98784 34024 ***263 RG***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ ਉਮਰ 29 ਸਾਲ, ਕੱਦ 5 ਫੁੱਟ 2 ਇੰਚ, ਵਿਦਿਅਕ ਯੋਗਤਾ ਐਮ ਕਾਮ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈਂਟਲਡ ਹੈ। ਸੰਪਰਕ: 780 966 4500 ਜਾਂ ਈ ਮੇਲ :tarjinders@yahoo.com ***262***

### ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵੈਜੀਟੇਰੀਅਨ,ਵਰਕ ਪਰਮਿਟ ਹੋਲਡਰ ਲੜਕੇ, ਉਮਰ 30 ਸਾਲ, 5 ਕਿੱਲੇ ਜ਼ਮੀਨ ਦੇ ਮਾਲਕ ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 289 659 5681 ਜਾਂ 1403 622 7152 ***262***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ: ਬੀ ਕਾਮ (ਇੰਡੀਆ) ਪੋਸਟ ਡਿਗਰੀ ਡਿਪਲੋਮਾ ਇਨ ਬਿਜਨਿਸ ਐਡਮਨਿਸਟ੍ਰੇਸ਼ਨ(ਕਨੇਡਾ) ਸਰਵਿਸ ਕਨੇਡਾ (ਸਰਕਾਰੀ ਜੌਬ)ਕਰਦੀ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਵੈਸ਼ਨੂੰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ 25 ਏਕੜ ਪਲੱਸ ਜ਼ਮੀਨ ਦੀ ਮਾਲਕੀ ਹੋਵੇ, ਮਾਲਵਾ ਇਲਾਕੇ ਜਾਂ ਮਲਵਈ ਪਰਿਵਾਰ ਨੂੰ ਪਹਿਲ, ਸਿਰਫ ਅਮਰੀਕਾ,ਕਨੇਡਾ ਜਾਂ ਇੰਗਲੈਂਡ ਵਾਲੇ ਵੈਸ਼ਨੂੰ ਪਰਿਵਾਰ ਹੀ ਸੰਪਰਕ ਕਰਨ। ਸੰਪਰਕ: 1 780 522 1790 ਜਾਂ ਵਟਸਐਪ 91 94170 37882 ***262***

### ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਜਨਮ 1991, ਵਿਦਿਅਕ ਯੋਗਤਾ ਪਲੱਸ ਟੂ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 839 5630 ਜਾਂ ਵਟਸਐਪ 91 98765 04844 ***262***

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਸੰਪਰਕ (ਵਟਸਐਪ): 9583592000

### ਲੜਕੇ ਦੀ ਲੋੜ

Sikh family seeks a suitable match for their beautiful daughter, 27 years old, height 5'-11", born and raised in B.C. Canada, family oriented, Canadian citizen, works in an office. The boy should be tall, handsome, raised in Canada or USA, educated, from a well settled family with strong family values. Preference given to a person who resides in B.C., or is willing to relocate to B.C. Serious inquiries only. Send bio data and recent photos to: **anayabhangu14 @gmail.com** ***262***

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ ਵੀਜ਼ਾ ਉੱਪਰ ਆਏ, ਬੈਚੂਲਰ ਆਫ ਬਿਜਨਿਸ ਐਮਨਿਸਟ੍ਰੇਸ਼ਨ ਡਿਗਰੀ ਮੁਕੰਮਲ ਹੋਣ ਉਪਰੰਤ ਹੁਣ ਵਰਕ ਪਰਮਿਟ ਉੱਪਰ, ਸ਼ਰਮਾ ਪਰਿਵਾਰ ਦੇ ਲੜਕੇ ਉਮਰ 27 ਸਾਲ, ਕੱਦ 6 ਫੁੱਟ 1 ਇੰਚ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 465 4620 ***260***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 37 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀ ਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 236 867 4005 ***262***

### ਲੜਕੀ ਦੀ ਲੋੜ

Well Settled Ramgarhia Family in Winnipeg looking for a suitable match for their son,34 years old, 5'-10" tall, cleanshaven, Canadian Citizen. For more info. Call at 204-510-7658 ***260***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਪੰਜਾਬ ਦੇ ਮੋਗਾ ਜਿਲ੍ਹੇ ਨਾਲ ਸਬੰਧਿਤ ਜੱਟ ਸਿੱਖ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ,ਉਮਰ 31ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੀ ਟੈੱਕ ਇੰਜੀਨੀਅਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 780 868 6148 ***262***

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਇੰਡੀਆ ਰਹਿੰਦੇ ਵੈਸ਼ਨੂੰ ,ਤਲਾਕਸ਼ੁਦਾ, ਉਮਰ 32 ਸਾਲ, ਲਈ ਕਨੇਡੀਅਨ ਪੀ ਆਰ ,ਵਿਜਟਿਰ ਵੀਜਾ, ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਰਹਿੰਦੀ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 899 9898 **261**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਕੈਲਗਰੀ ਰਹਿੰਦੇ,ਖੱਤਰੀ ਸਿੱਖ ਪਰਿਵਾਰ ਦੇ ਏਅਰਪੋਰਟ ਉੱਪਰ ਸਕਰੀਨਿੰਗ ਅਫਸਰ ਦੀ ਜੌਬ ਕਰਦੇ ਲੜਕੇ ਜਨਮ 1988,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਐਮ ਬੀ ਏ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 306 209 1705 ***259***

### ਲੜਕੀ ਦੀ ਲੋੜ

ਅਮਰੀਕਨ ਸਿਟੀਜਨ, ਜੱਟ ਸਿੱਖ ਵਿਰਕ ਪਰਿਵਾਰ ਦੇ ਲੜਕੇ ਜਨਮ 1991, ਕੱਦ 5 ਫੁੱਟ 10 ਇੰਚ, ਯੂ ਐਸ ਏ ਹਾਈ ਸਕੂਲ ਗਰੈਜੂਏਟ ਲਈ ਕਨੇਡਾ ਜਾਂ ਅਮਰੀਕਾ ਤੋਂ ਹੀ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 1 817 825 8607 ***260*** *F*

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸਟੂ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 604 389 4108 ***260***

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਬਾਜਵਾ ਪਰਿਵਾਰ ਦੇ ਕੈਲਗਰੀ ਰਹਿੰਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਟਰੱਕ ਅਪਰੇਟਰ ਲੜਕੇ ਉਮਰ 31 ਸਾਲ, ਕੱਦ 5 ਫੁੱਟ 11 ਇੰਚ, ਇਲੈਕਟਰੋ ਟੈਕਨੋਲਿਜੀ ਇੰਜੀਨੀਅਰਿੰਗ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 921 3475 ਜਾਂ 1 431 335 8706 ***260*** *F*

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਨਵੰਬਰ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ ਸਿਰਫ਼ ਵਟਸਐਪ :+918544819749 ਜਾਂ 403 425 2525 ***259***

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਸਿਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******


“ਪੰਜਾਬੀ ਅਖ਼ਬਾਰ” ਵਿੱਚ ਖ਼ਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000


## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ “ਐਲ ਐਮ ਆਈ ਵੀ ਮਿਲ ਜਾਵੇਗੀ “ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ “403 614 2094 ਜਾਂ 403 402 5615

## ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @ +1 403 680 0436 or email at bhinderexteriors13@gmail.com.

## ਐਡਮਿੰਟਨ ਵਿੱਚ ਮੋਟਲ ਵਿਕਾਊ ਹੈ

50 ਕਮਰਿਆਂ ਵਾਲਾ, ਹੋਟਲ ਕਾਰੋਬਾਰ ਦੇ ਹਿਸਾਬ ਨਾਲ ਬਹੁਤ ਹੀ ਵਧੀਆ ਲੋਕੇਸ਼ਨ, ਭਵਿੱਖ ਵਿੱਚ ਕਾਰੋਬਾਰ ਵਧਾਉਣ ਲਈ ਵਾਧੂ ਜਮੀਨ ਵੀ ਨਾਲ ਹੀ ਹੈ। ਮਾਲਕ ਵੱਲੋਂ ਸਿੱਧਾ ਹੀ ਵੇਚਿਆ ਜਾਣਾ ਹੈ। ਇਸ ਲਈ ਬਿਨਾ ਕਿਸੇ ਵਿਚੋਲਗੀ ਦੇ ਸਿੱਧਾ ਸੰਪਰਕ ਕਰਕੇ ਬੱਚਤ ਕਰੋ। ਈ ਮੇਲ : 2009cst@gmail.com

## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ। ਸੰਪਰਕ : 587 329 7202

## ਟਰੰਪ ਹੋਟਲ ਦੇ ਟੈਸਲਾ ਸਾਈਬਰ ਟਰੱਕ ਧਮਾਕੇ ਨਾਲ ਇੱਕ ਮੌਤ ਹੋਈ

ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਲਾਸ ਵੇਗਾਸ ਦੇ ਟਰੰਪ ਹੋਟਲ ਦੇ ਬਾਹਰ ਇੱਕ ਟੈਸਲਾ ਸਾਈਬਰ ਟਰੱਕ ਵਿੱਚ ਹੋਏ ਧਮਾਕੇ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਘੱਟੋ ਘੱਟ ਸੱਤ ਹੋਰ ਜ਼ਖਮੀ ਹੋ ਗਏ। ਐੱਫਬੀਆਈ ਨੇ ਕਿਹਾ ਕਿ ਉਹ ਜਾਂਚ ਕਰ ਰਹੇ ਹਨ। ਘਟਨਾ ਮੌਕੇ ਹੋਟਲ ਦੇ ਅੰਦਰ ਅਤੇ ਬਾਹਰ ਮੌਜੂਦ ਚਸ਼ਮਦੀਦਾਂ ਵੱਲੋਂ ਲਈਆਂ ਗਈਆਂ ਵੀਡੀਓ ਵਿੱਚ ਇੱਕ ਵਾਹਨ ਵਿੱਚ ਧਮਾਕਾ ਹੁੰਦਾ ਨਜ਼ਰ ਆ ਰਿਹਾ ਹੈ ਅਤੇ ਇਸ ਵਿੱਚੋਂ ਅੱਗ ਦੀਆਂ ਲਪਟਾਂ ਨਿਕਲਦੀਆਂ ਹਨ। ਇਸ ਟਰੱਕ ਵਿੱਚ ਹੋਏ ਧਮਾਕੇ ਸਬੰਧੀ ਪੁਲਿਸ ਨੇ ਅਹਿਮ ਖੁਲਾਸੇ ਕੀਤੇ ਹਨ ਅਤੇ ਦੱਸਿਆ ਹੈ ਕਿ ਟਰੱਕ ਵਿੱਚ ਸਵਾਰ ਵਿਅਕਤੀ ਨੇ ਧਮਾਕਿਆਂ ਤੋਂ ਪਹਿਲਾਂ ਖੁਦ ਨੂੰ ਗੋਲੀ ਮਾਰ ਲਈ ਸੀ ਅਤੇ ਇਸ ਟਰੱਕ ਵਿੱਚ ਵੱਡੀ ਗਿਣਤੀ ਵਿੱਚ ਧਮਾਕਾ ਖ਼ੇਜ ਸਮੱਗਰੀ , ਆਤਿਸ਼ਬਾਜ਼ੀ ਅਤੇ ਅਤੇ ਹਥਿਆਰ ਬਰਾਮਦ ਹੋਏ ਹਨ ।

## Name Change

I, NAVJOT SINGH SON of SARBJIT SINGH, holder of Indian passport No. L8328947, issued at AMRITSAR,on 09/04/2014, permanent resident of v.p.o: MALLUWALIE WALA, Tehsil: ZIRA,FEROZEPUR, PIN: 152021,PUNJAB,INDIA presently residing at 33 REDSTONE MANOR NE,CALGARY (AB) T3N0J7 CANADA Do hereby change My name from NAVJOT SINGH to NAVJOT SINGH BHULLAR with immediate effect. Date: 02/Jan/2025 Phone: 1 403 763 9704

# Indo-Canadian Community Association celebrate “Shaheedi Divas”, Christmas and New Year.



Calgary (Punjabi Akhbaar Bureau) The Monthly Meeting was held in the office of the Indo-Canadian Community Association on Dec 29, 2024, at 1130am to celebrate “Shaheedi Divas”, Christmas and New Year. Nearly 60 members including distinguished guests attended this very important meeting.

After welcoming the members by working Secretary Abnash Singh Rana, President Sewa Singh Premi also welcomed all present and continued with the proceedings.He mentioned about the background history of Sahibzadas and the whole family of Sri Guru Gobind Singh Ji and the sacrifices made by them for the sake of the nation.

A very religious song/poems were recited by Ravi Janagal, Satwinder Kaur Pharwan, Kuldip Kaur Neer and Jarnail Taggar.

After this the President put a light on the life of Dr. Manmohan Singh, who remained Prime Minister of India for 10 years and left for his heavenly abode on Dec 26, 2024 at the of 92 years.

Two Minutes silence was observed to pay homage to the departed leader.

Councillor Raj Dhaliwal gave a brief introduction about Sikh history related to the sacrifices made by the entire family of Sri Guru Gobind Singh Ji and urged everyone to remember and live ?together in peace and harmony.

Later The President gave detailed information about Christmas and also referred to outgoing year 2024 and incoming year 2025.

Poems/Songs were recited by Kesar Singh Neer, Jagdev Singh SIDHU, Chand Singh Sadioura, Dharminder Singh Premi, Satpal Kaushal, Harchand Singh, Gurjit Singh SIDHU, Surjit Singh Hayer and Rashpal Singh Boparai.

Finally the President wished everyone a very happy New Year and prayed for everyone's good health and warm relationship in the families.

President thanked everyone and invited for a delicious lunch provided by Dharminder Singh Premi and Jagdeep Kaur Premi for birthday celebration of their son Sherveer Singh Premi.

Everyone departed happily to meet again in 2025.




# ਲੱਕ ਹਿੱਲੇ ਮਜਾਜਣ ਜਾਂਦੀ ਦਾ-2

ਇੰਦਰਜੀਤ ਹਸਨਪੁਰੀ 'ਸ਼ਾਦੀ ਬਖਸ਼ੀ' ਤੋਂ ਸ਼ੁਰੂ ਹੋਇਆ। ਮੈਨੂੰ ਪਤੈ ਕਿ ਨਵੀਂ ਪੀੜ੍ਹ ੀ 'ਸ਼ਾਦੀ ਬਖਸ਼ੀ' ਨੂੰ ਹੁਣ ਨਹੀਂ ਜਾਣਦੀ ਹੋਣੀ ਪਰ ਇੰਦਰਜੀਤ ਹਸਨਪੁਰੀ ਨੇ ਸ਼ਾਦੀ ਬਖਸ਼ੀ ਤੋਂ ਸ਼ੁਰੂ ਹੋ ਕੇ ਚਾਂਦੀ ਰਾਮ, ਨਰਿੰਦਰ ਬੀਬਾ, ਹਰਚਰਨ ਗਰੇਵਾਲ, ਸੁਰਿੰਦਰ ਕੌਰ, ਮੁਹੰਮਦ ਸਦੀਕ, ਜਗਮੋਹਨ ਕੌਰ, ਕੇ.ਦੀਪ, ਜਗਜੀਤ ਸਿੰਘ, ਚਿਤਰਾ ਸਿੰਘ ਤੋਂ ਲੈ ਕੇ ਰਾਜ ਗਾਇੱਕ ਹੰਸ ਰਾਜ ਹੰਸ ਦੇ ਦੌਰ ਦਾ ਪੈਂਡਾ ਤੈਅ ਕੀਤਾ। ਆਹ ਦੇਖੋ ਹੰਸ ਰਾਜ ਦੀ ਆਵਾਜ਼ ਵਿੱਚ ਹਸਨਪੁਰੀ ਦੇ ਬੋਲ:

*ਪੀਲਾ ਸੂਟ ਪਾਕੇ ਤੂੰ ਸਰੋਂ ਦਾ ਫੁੱਲ ਲੱਗਦੀ*
*ਲਾਲ ਪਾਕੇ ਲੱਗਦੀ ਗੁਲਾਬ ਨੀ ਪੰਜਾਬਣੇ*
*ਤੇਰਾ ਨਹੀਂਓ ਜੱਗ ਤੇ ਜਵਾਬ ਨੀ ਪੰਜਾਬਣੇ*
*ਤੁਰੇਂ ਜਦੋਂ ਜੁੱਤੀ ਤੇਰੀ ਤਿੱਲੇ ਦਾਰ ਚੀਕਦੀ*
*ਪਿਆਰ ਦੀਆਂ ਪੈੜਾਂ ਜਾਵੇਂ ਦਿਲਾਂ ਤੇ ਉਲੀਕਦੀ*
*ਤੇਰੀ ਫੁਲਕਾਰੀ 'ਚ ਲੁਕਾਇਆਂ ਨਹੀਂਓਂ ਲੁਕਦਾ*
*ਡੁੱਲ੍ਹ -ਡੁੱਲ੍ਹ ਪੈਂਦਾ ਏ ਸ਼ਬਾਬ ਨੀ ਪੰਜਾਬਣੇ*
*ਲੱਕ ਤੇਰਾ ਘੱਗਰੇ ਦਾ ਭਾਰ ਨਾ ਸਹਾਰਦਾ*
*ਟੁੱਟ ਨਾ ਇਹ ਜਾਵੇ ਕਿਤੇ ਡਰ ਇਹੋ ਮਾਰਦਾ*
*ਪਿੰਡ ਨਹੀਂ, ਜਿਲ੍ਹਾ ਨਹੀਂ, ਤੂੰ ਤੇ ਡੁੱਬ ਜਾਣੀਏ*
*ਫਿਕਰਾਂ 'ਚ ਪਾਇਐ ਤੂੰ ਪੰਜਾਬ ਨੀ ਪੰਜਾਬਣੇ*

ਵਲੈਤ ਵਸਦੇ ਯੁੱਗ ਪਲਟਾਊ ਗਾਇੱਕ ਗੋਲਡਨ ਸਟਾਰ ਮਲਕੀਤ ਸਿੰਘ ਤੱਕ ਹਸਨਪੁਰੀ ਦਾ ਪੈਂਡਾ ਪੰਜਾਬੀ ਗੀਤਕਾਰ ਦਾ ਇਤਿਹਾਸ ਹੈ। ਮਲਕੀਤ ਸਿੰਘ ਦੀ ਆਵਾਜ਼ ਵਿੱਚ ਹਸਨਪੁਰੀ ਦਾ ਆਹ ਗੀਤ ਦੇਖਿਓ –

*ਮਿੰਨ੍ਹਾ-ਮਿੰਨ੍ਹਾ ਬੁੱਲ੍ਹੀਆਂ 'ਚ ਹੱਸ ਗਈ ਓਏ*
*ਕੁੜੀ ਪਟੋਲੇ ਵਰਗੀ*

*ਤੀਰ ਨਜ਼ਰ ਦੇ ਮਾਰ ਗਈ ਓਹ*
*ਨਸ਼ਾ ਇਸ਼ਕ ਦਾ ਚਾੜ੍ਹ ਗਈ ਓਹ*
*ਨਾਗਣ ਵਾਂਗੂੰ ਡੱਸ ਗਈ ਓਏ*
*ਕੁੜੀ ਪਟੋਲੇ ਵਰਗੀ*

ਇਹ ਤਾਂ ਹੈ ਹਸਨਪੁਰੀ ਦੀ ਗੀਤਕਾਰੀ ਦਾ ਪੈਂਡਾ। ਹਸਨਪੁਰੀ ਦੇ ਫਿਲਮੀ ਜੀਵਨ ਤੇ ਵੀ ਸਰਸਰੀ ਜਿਹੀ ਝਾਤ ਮਾਰ ਲਈਏ। ਹਸਨਪੁਰੀ ਦੇ ਫਿਲਮੀ ਸਫਰ ਦੇ ਵੀ ਤਿੰਨ ਭਾਗ ਹਨ।


- *ਇੱਕ ਤਾਂ ਫਿਲਮਾਂ ਲਈ ਗੀਤ ਲਿਖਣ ਦਾ।*
- *ਦੂਸਰਾ ਫਿਲਮ ਨਿਰਮਾਣ ਦਾ।*
- *ਤੀਸਰਾ ਨਵੇਂ ਚਿਹਰਿਆਂ ਨੂੰ ਫਿਲਮੀ ਪਰਦੇ ਤੇ ਲਿਆਉਣ ਦਾ।*

ਹਸਨਪੁਰੀ ਦਾ ਨਾਮ ਪੰਜਾਬੀ ਗੀਤਕਾਰੀ ਵਿੱਚ ਤਾਂ ਅੰਬਰਾਂ ਨੂੰ ਛੋਹ ਗਿਆ ਸੀ। ਇਸ ਮਸ਼ਹੂਰੀ ਦਾ ਫਿਲਮੀ ਨਿਰਮਾਤਾਵਾਂ ਨੇ ਵੀ ਲਾਹਾ ਲੈਣਾ ਚਾਹਿਆ, ਹਸਨਪੁਰੀ ਨੂੰ ਫਿਲਮਾਂ ਲਈ ਗੀਤ ਲਿਖਣ ਦੀ ਪੇਸ਼ਕਸ਼ ਹੋਈ। ਇਸ ਤਰ੍ਹਾਂ ਹਸਨਪੁਰੀ ਨੇ 1972 ਵਿੱਚ ਬੇਦੀ ਤੇ ਬਖਸ਼ੀ ਪ੍ਰੋਡਕਸ਼ਨ ਦੀ ਫਿਲਮ 'ਦੁੱਖ ਭੰਜਨ ਤੇਰਾ ਨਾਮ' ਲਈ ਗੀਤ ਲਿਖੇ :

*ਬਾਬਲ ਫਿਰੇ ਘਰ ਟੋਲਦਾ*
*ਵਰ ਲੋੜਦਾ ਨੀ ਭੈਣੇਂ ਮੇਰੀਏ* ( ਸੁਮਨ ਕਲਿਆਣਪੁਰ)

—0—

*ਓ ਮਾਂ ਚਿੰਤਾਪੂਰਨੀ*
*ਚਿੰਤਾ ਮੇਰੀ ਦੂਰ ਕਰੋ*
*ਮੈਂ ਦੁਖਿਆਰੀ ਕਰਮਾਂ ਮਾਰੀ*
*ਪੀੜਾਂ ਨਾਲ ਪਰੋਈ*
*ਤੁੱਧ ਬਿਨ ਮੇਰਾ ਇਸ ਦੁਨੀਆਂ ਵਿੱਚ*


ਇੰਦਰਜੀਤ ਹਸਨਪੁਰੀ

*ਮਾਤਾ ਹੋਰ ਨਾ ਕੋਈ*
*ਆ ਤੇਰੇ ਦਰ ਮੈਂ ਰੋਈ*
*ਓ ਮਾਂ ਚਿੰਤਾਪੂਰਨੀ* ( ਆਸ਼ਾ ਭੌਂਸਲੇ)

—0—

*ਯਾਰੜੇ ਦਾ ਰੰਗ ਬੇਲੀਆ*
*ਮਿੱਠੀ ਮਿੱਠੀ ਲੱਗੇ ਜ਼ਿੰਦੜੀ*
*ਤੇਰੇ ਪਿਆਰ ਦਾ ਨਸ਼ਾ ਚੜ੍ਹ ਜਾਵੇ* (ਆਸ਼ਾ ਭੌਂਸਲੇ)

ਦੀਆਂ ਆਵਾਜ਼ਾਂ ਵਿੱਚ ਸੰਗੀਤਕਾਰ ਐਸ ਮੁਹਿੰਦਰ ਦੇ ਸੰਗੀਤ ਵਿੱਚ ਰਿਕਾਰਡ ਹੋਏ 1976 ਵਿੱਚ ਨੀਲਮ ਪ੍ਰੋਡਕਸ਼ਨ ਦੀ ਫਿਲਮ 'ਯਮਲਾ ਜੱਟ' ਲਈ ਗੀਤ ਲਿਖੇ ਇਸ ਫਿਲਮ ਵਿੱਚ ਹਸਨਪੁਰੀ ਦੇ ਲਿਖੇ ਗੀਤ:

*ਰੱਬ ਦਾ ਖ਼ੌਫ ਦਿਲਾਂ ਚੋਂ ਕੱਢਿਆ*
*ਤੇ ਭੁੱਲ ਗਏ ਆਪਣੀ ਤੋਰ*
*ਰੱਬ ਦੇ ਬੰਦੇ ਰੱਬ ਦੇ ਬਾਝੋਂ*
*ਬਣੇ ਹੋਰ ਦੇ ਹੋਰ*
*ਹੇਰਾ -ਫੇਰੀ , ਚੋਰ ਬਾਜ਼ਾਰੀ, ਕੁੱਝ ਨਹੀਂ ਇਥੇ ਹੋਰ*
*ਮੰਦਿਰ ਮਸਜਿਦ ਹੋ ਗਏ ਖਾਲੀ, ਰੱਬ ਨੂੰ ਲੈ ਗਏ ਚੋਰ*
*ਮੈਂ ਯਮਲਾ ਜੱਟ ਹੱਟ ਬਈ ਹੱਟ।* (ਮੁਹੰਮਦ ਰਫੀ)

*ਵੇ ਮੇਰਿਆ ਰੱਬਾ, ਮੈਂ ਕਾਹਨੂੰ ਜਵਾਨ ਹੋ ਗਈ*
*ਮੁੰਡਿਆ ਦੀ ਨੀਅਤ ਬੇਈਮਾਨ ਹੋ ਗਈ*
(ਸੁਮਨ ਕਲਿਆਣਪੁਰ)

*ਤੇਰੇ ਬਾਝੋਂ ਜੀਵਨ ਕਾਹਦਾ*
*ਮੈਂ ਹਿਜ਼ਰਾਂ ਵਿੱਚ ਮਰ ਚੱਲੀ*
*ਇੰਝ ਸੱਧਰਾਂ ਦੇ ਕੋਲੇ ਹੋ ਗਏ*
*ਜਿਉਂ ਭੁੱਜੀ ਹੋਈ ਛੱਲੀ*
*ਇੱਕ ਪਾਸੇ ਨੇ ਲੋਕ ਸਾਰੇ*
*ਇੱਕ ਪਾਸੇ ਮੈਂ ਕੱਲੀ*
*ਕੱਖਾਂ ਹੇਠਾਂ ਅੱਗ ਲੁਕਾਵੇ*
*ਦੁਨੀਆਂ ਕਿੰਨੀਂ ਝੱਲੀ*
*ਵੇਹੜੇ ਵਿਚ ਵੈਰੀ ਵਸਦੇ*
*ਸੋਹਣੇ ਯਾਰ ਨੂੰ ਮਿਲਣ ਨਾ ਦਿੰਦੇ* ( ਨਰਿੰਦਰ ਚੰਚਲ)

*ਅਸੀਂ ਹੁਣ ਕੌਣ ਹੋ ਗਏ*
*ਮੇਰਾ ਦਿਲਦਾਰ ਹੈਂ ਤੂੰ, ਪੁਰਾਣਾ ਯਾਰ ਹੈਂ ਤੂੰ*
*ਤੂੰ ਮੈਨੂੰ ਭੁੱਲ ਗਿਆ, ਮੇਰਾ ਤੇ ਪਿਆਰ ਹੈਂ ਤੂੰ*
*ਤੇਰੇ ਲਈ ਹਾਣੀਆਂ ਬਰਬਾਦ ਹੋ ਗਏ*
*ਅਸੀਂ ਹੁਣ ਕੌਣ ਹੋ ਗਏ*
(ਕਵਾਲੀ) (ਮੀਨੂੰ ਪ੍ਰਸ਼ੋਤਮ ਤੇ ਨਰਿੰਦਰ ਬੀਬਾ)

*ਹਾਏ ਨੀ ਇੱਕ ਸੁਪਨਾ ਮੈਂ ਵੇਖਿਆ*
*ਹਾਏ ਨੀ ਇੱਕ ਯਮਲਾ ਜੱਟ ਆਇਆ*
*ਮੇਰੇ ਦਿਲ ਵਿੱਚ ਸਮਾਇਆ*
*ਰੋਗ ਇਸ਼ਕੇ ਦਾ ਲਾਇਆ*
*ਦੱਸ ਕੀ ਕਰਾਂ*
*ਹਾਏ ਨੀ ਇੱਕ ਸੁਪਨਾਂ ਮੈਂ ਵੇਖਿਆ*
(ਮੀਨੂੰ ਪ੍ਰਸ਼ੋਤਮ ਤੇ ਸਾਥੀਆਂ)

ਦੀਆਂ ਆਵਾਜ਼ਾਂ ਵਿੱਚ ਪ੍ਰਸਿੱਧ ਸੰਗੀਤਕਾਰ ਸਰਦੂਲ ਕਵਾਤਰਾ ਦੀ ਸੰਗੀਤ ਨਿਰਦੇਸ਼ਨਾ 'ਚ ਰਿਕਾਰਡ ਹੋਏ। 1976 ਵਿੱਚ ਹੀ ਬੇਦੀ ਤੇ ਬਖਸ਼ੀ ਪ੍ਰੋਡਕਸ਼ਨ ਦੀ ਇੱਕ ਹੋਰ ਫਿਲਮ 'ਪਾਪੀ ਤਰੇ ਅਨੇਕ' ਦੇ ਗੀਤ ਲਿਖੇ:

*ਮੈਂ ਨੱਚ ਨੱਚ ਯਾਰ ਮਨਾਵਾਂ*
*ਕਿ ਅੱਜ ਮੇਰਾ ਜੀਅ ਕਰਦੈ*
*ਮੈਂ ਲੱਖ ਲੱਖ ਸ਼ਗਨ ਮਨਾਵਾਂ*
*ਕਿ ਅੱਜ ਮੇਰਾ ਜੀਅ ਕਰਦੈ* (ਆਸ਼ਾ ਭੌਂਸਲੇ)

*ਫੇਰ ਤੇਰੀ ਯਾਦ ਆਉਂਦੀ*
*ਕੀ ਕਰਾਂ ਮੈਂ ਕੀ ਕਰਾਂ*
*ਬਲਦੀਆਂ ਤੇ ਤੇਲ ਪਾਉਂਦੀ*
*ਕੀ ਕਰਾਂ ਵੇ ਮੈਂ ਕੀ ਕਰਾਂ* ( ਆਸ਼ਾ ਭੌਂਸਲੇ)
*ਮਜ਼ਾ ਜ਼ਿੰਦਗਾਨੀ ਦਾ ਜ਼ਰੂਰ ਲੁੱਟ ਲਓ*
*ਰੂਪ ਦੇ ਖਜ਼ਾਨੇ ਨੂੰ ਹਜ਼ੂਰ ਲੁੱਟ ਲਓ*

*ਕਿਹੋ ਜਿਹੀਆਂ ਰੱਬ ਤਕਦੀਰਾਂ ਲਿਖਦਾ*
*ਰੋਟੀ ਲਈ ਸੋਨੇ ਜਿਹਾ ਤਨ ਵਿਕਦਾ*
*ਉਠੋ ਵੇ ਵਪਾਰੀਓ ਵਪਾਰ ਕਰ ਲਓ*
*ਭੌਰਿਓ ਵੇ ਕਲੀ ਨਾਲ ਪਿਆਰ ਕਰ ਲਓ*
*ਵੇ ਕੌਡੀਆਂ ਦੇ ਭਾਅ ਮੇਰਾ ਨੂਰ ਲੁੱਟ ਲਓ* (ਆਸ਼ਾ ਭੌਂਸਲੇ)

*ਵੇ ਮੈਂ ਕਮਲੀ ਆਂ,*
*ਮੈਨੂੰ ਕਮਲੀ ਕਮਲੀ ਆਖਦੇ*
*ਕਮਲੀ ਵਾਲਾ ਤੂੰ*
*ਤੈਨੂੰ ਯਾਰ ਬਣਾਇਆ ਆਪਣਾ*
*ਕੀ ਦੁਨੀਆ ਤੋਂ ਡਰਨਾ*
*ਤੇਰੀ ਖਾਤਰ ਜੀਣਾਂ ਜੱਗ ਤੇ*
*ਤੇਰੀ ਖਾਤਰ ਮਰਨਾ*
*ਵੇ ਮੈਂ ਕਮਲੀ ਆਂ* ( ਆਸ਼ਾ ਭੌਂਸਲੇ)

*ਤੇਰੇ ਨਾਲ ਯਾਰ ਪਿਆਰ, ਪਿਆਰ ਹੋ ਗਿਆ*
*ਤੈਨੂੰ ਪਿਆਰ ਦੀ ਕਦਰ ਨਾ ਕੋਈ*
*ਤਾਂ ਵੀ ਤੇਰੀ ਮੈਂ ਬੇਦਰਦਾ ਹੋਈ*
*ਕਿ ਤੇਰੇ ਨਾਲ ਯਾਰ ਪਿਆਰ ਹੋ ਗਿਆ* (ਆਸ਼ਾ ਭੌਂਸਲੇ)

*ਪਾਪ ਦੀ ਗਠੜੀ ਸੁੱਟ ਦੇ ਬੰਦਿਆ*
*ਲੈ ਨਾਰਾਇਣ ਦੀ ਟੇਕ*
*ਏਕ ਘੜੀ ਕੇ ਸਿਮਰ ਮੇਂ*
*ਪਾਪੀ ਤਰੇ ਅਨੇਕ* (ਮੰਨਾ ਡੇ)

*ਰੁੱਸ ਕੇ ਤੂੰ ਚਲੀ ਗਈਓਂ, ਕਾਹਨੂੰ ਐਨੀ ਦੂਰ ਨੀ*
*ਸੱਜਣਾ ਦਾ ਮਾਫ ਕਰ ਦੇਣਾ ਸੀ ਕਸੂਰ ਨੀ*
*ਤੂੰ ਨਾ ਇਹ ਜਾਣ ਸਕੀ, ਸਾਰਾ ਜੱਗ ਜਾਣਦਾ*
*ਪਿਆਰ ਵਿੱਚ ਮਜ਼ਾ ਹੁੰਦਾ ਰੁੱਸਣ ਮਨਾਣ ਦਾ*
*ਦਿਲ ਵਾਲਾ ਸ਼ੀਸ਼ਾ ਕਰ ਦਿੱਤਾ ਚੂਰ ਚੂਰ ਨੀ*
*ਸੱਜਣਾ ਦਾ ਮਾਫ ਕਰ ਦੇਣਾ ਸੀ ਕਸੂਰ ਨੀ।* (ਮੁਹੰਮਦ ਰਫੀ)

ਦੀਆਂ ਆਵਾਜ਼ਾਂ ਵਿੱਚ ਸੰਗੀਤਕਾਰ ਐਸ ਮੁਹਿੰਦਰ ਦੇ ਸੰਗੀਤ ਵਿੱਚ ਰਿਕਾਰਡ ਹੋਏ।

ਜਗਜੀਤ ਫਿਲਮਜ਼ ਦੀ 1975 ਵਿੱਚ ਬਣੀ ਫਿਲਮ 'ਧਰਮਜੀਤ' ਲਈ ਵੀ ਹਸਨਪੁਰੀ ਨੇ ਹੀ ਗੀਤ ਲਿਖੇ:

*ਮੈਂ ਹਾਂ ਜੱਟ ਪੰਜਾਬ ਦਾ*
*ਮੈਨੂੰ ਖੇਤਾਂ ਨਾਲ ਪਿਆਰ*
*ਮੈਨੂੰ ਆਪਣਾ ਟੱਬਰ ਜਾਪਦਾ*
*ਕੁੱਲ ਸਾਰਾ ਸੰਸਾਰ*

( ਨਰਿੰਦਰ ਚੰਚਲ)

*ਤੋੜਾਂ ਅੰਬੀਆਂ, ਹੁਲਾਰੇ ਖਾਣ ਡੰਡੀਆਂ*
*ਸੰਧੂਰੀ ਜਿਹਾ ਰੰਗ ਹੋ ਗਿਆ*
*ਰੂਪ ਦੇਖ ਕੇ ਕੁਆਰਾ ਚੰਨ ਵਰਗਾ*
*ਜ਼ਮਾਨਾ ਸਾਰਾ ਦੰਗ ਹੋ ਗਿਆ*
( ਆਸ਼ਾ ਭੌਂਸਲੇ)

*ਬੁਰਾ ਤੂੰ ਮਨਾ, ਚਾਹੇ ਭਲਾ ਤੂੰ ਮਨਾ*
*ਤੈਨੂੰ ਲਿਆ ਆਪਣਾ ਬਣਾ ਮੇਰੇ ਹਾਣੀਆਂ*
*ਤੈਨੂੰ ਲਿਆ ਆਪਣਾ ਬਣਾ*
( ਮੁਹੰਮਦ ਰਫ਼ੀ)

*ਲੈਕੇ ਫੁਲਕਾਰੀ ਸੂਹੇ ਸੂਹੇ ਰੰਗ ਦੀ*
*ਅੱਗ ਲਾਉਂਦੀ ਜਾਵੇਂ ਜਿੱਥੋਂ ਜਿੱਥੋਂ ਲੰਘਦੀ*
( ਮੁਹੰਮਦ ਰਫ਼ੀ)

*ਸਾਨੂੰ ਖੁੱਲ੍ਹ ਕੇ ਸੁਣਾ ਦੇ ਗੱਲ ਬਾਤ ਭਾਬੀਏ*
*ਕਿੰਝ ਬੀਤੀ ਮੁਕਲਾਵੇ ਵਾਲੀ ਰਾਤ ਭਾਬੀਏ*
( ਨਰਿੰਦਰ ਬੀਬਾ ਤੇ ਦਿਲਰਾਜ ਕੌਰ)

ਦੀਆਂ ਆਵਾਜ਼ਾਂ ਵਿੱਚ ਸੰਗੀਤਕਾਰ ਸਪਨ ਜਗਮੋਹਨ ਦੇ ਸੰਗੀਤ ਵਿੱਚ ਰਿਕਾਰਡ ਹੋਏ।

ਇਹਨਾਂ ਤੋਂ ਇਲਾਵਾ ਫੌਜੀ ਚਾਚਾ, ਮਨ ਜੀਤੇ ਜੱਗ ਜੀਤ, ਮਾਂ ਦਾ ਲਾਡਲਾ , ਲੌਂਗ ਦਾ ਲਿਸ਼ਕਾਰਾ ਪੰਜਾਬੀ ਫਿਲਮਾਂ ਲਈ ਗੀਤ ਲਿਖੇ।

ਹਸਨਪੁਰੀ ਨੂੰ ਗੀਤ ਲਿਖਦੇ ਨੂੰ ਇਹ ਭਰੋਸਾ ਹੋ ਗਿਆ ਸੀ ਕਿ ਜ਼ਿਆਦਾਤਰ ਫਿਲਮਾਂ ਗੀਤਾਂ ਤੇ ਸੰਗੀਤ ਦੇ ਆਸਰੇ ਹੀ ਹਿੱਟ ਹੁੰਦੀਆਂ ਹਨ। ਇਸ ਲਈ ਉਸਨੇ ਆਪਣੇ ਮਨ ਵਿੱਚ ਖ਼ੁਦ ਫਿਲਮਾਂ ਬਣਾਉਣ ਦਾ ਪੱਕਾ ਇਰਾਦਾ ਬਣਾ ਲਿਆ ਸੀ। ਜਦੋਂ ਇਨਸਾਨ ਦਾ ਇਰਾਦਾ ਦ੍ਰਿੜ ਹੋਵੇ ਫੇਰ ਕੋਈ ਵੀ ਕੰਮ ਮੁਸ਼ਕਲ ਨਹੀਂ ਹੁੰਦਾ, ਕਠਿਨਾਈਆਂ ਆ ਸਕਦੀਆਂ ਨੇ ਪਰ ਅਸੰਭਵ ਨਹੀਂ, ਪੂਰਾ ਪੰਜਾਬ ਜਾਣਦਾ ਹੈ ਕੇ ਹਸਨਪੁਰੀ ਨੇ:

- *ਤੇਰੀ ਮੇਰੀ ਇੱਕ ਜ਼ਿੰਦੜੀ*
- *ਦਾਜ*
- *ਸੁਖੀ ਪ੍ਰੀਵਾਰ*


ਵਰਗੀਆਂ ਸੁਪਰ-ਡੁਪਰ ਹਿੱਟ ਫਿਲਮਾਂ ਦਾ ਨਿਰਮਾਣ ਕਰਨ ਵਿੱਚ ਪੂਰਨ ਸਫਲਤਾ ਹਾਸਲ ਕੀਤੀ। ਪੰਜਾਬੀ ਫਿਲਮਾਂ ਦੀ ਹੇਮਾ ਮਾਲਿਨੀ ਵਜੋਂ ਮਸ਼ਹੂਰ ਹੋਈ ਅਦਾਕਾਰਾ 'ਦਲਜੀਤ ਕੌਰ' ਹਸਨਪੁਰੀ ਦੀ ਹੀ ਖੋਜ ਸੀ। ਹਸਨਪੁਰੀ ਨੇ ਆਪਣੀ ਫਿਲਮ 'ਦਾਜ' ਰਾਹੀਂ ਪਹਿਲੀ ਵਾਰ ਦਲਜੀਤ ਕੌਰ ਨੂੰ ਫਿਲਮੀ ਪਰਦੇ 'ਤੇ ਪੇਸ਼ ਕਰਕੇ ਪੰਜਾਬ ਨੂੰ ਇੱਕ ਖੂਬਸੂਰਤ ਅਦਾਕਾਰਾ ਦਿੱਤੀ। ਇਸੇ ਤਰ੍ਹਾਂ ਪੰਜਾਬੀਆਂ ਦੇ ਹਰਮਨ ਪਿਆਰੇ ਅਦਾਕਾਰ ਬਣੇ 'ਵਰਿੰਦਰ' ਨੂੰ ਵੀ ਹਸਨਪੁਰੀ ਆਪਣੀ ਫਿਲਮ 'ਤੇਰੀ ਮੇਰੀ ਇੱਕ ਜ਼ਿੰਦੜੀ' ਰਾਹੀਂ ਲੋਕਾਂ ਦੇ ਸਨਮੁੱਖ ਲੈ ਕੇ ਆਇਆ। ਬੇਸ਼ਕ ਪੰਜਾਬੀ ਫਿਲਮਾਂ ਦੇ ਹਾਸਰਸ ਅਭਿਨੇਤਾ ਮਿਹਰ ਮਿੱਤਲ ਪਹਿਲਾਂ ਵੀ ਦੋ ਤਿੰਨ ਫਿਲਮਾਂ ਕਰ ਚੁੱਕਾ ਸੀ ਪਰ ਉਹ ਵੀ ਹਸਨਪੁਰੀ ਦੀ ਫਿਲਮ ਤੇਰੀ ਮੇਰੀ ਇੱਕ ਜ਼ਿੰਦੜੀ ਰਾਹੀਂ ਹੀ ਪੱਕੇ ਪੈਰੀਂ ਹੋਇਆ ਪੁਰਾਣੇ ਦਰਸ਼ਕ ਇਸ ਫਿਲਮ ਵਿਚਲੇ ਕਿਰਦਾਰ 'ਹੰਸੂ' ਨੂੰ ਕਦੇ ਨਹੀਂ ਭੁੱਲਾ ਸਕਦੇ। 1959 ਵਿੱਚ ਹਸਨਪੁਰੀ ਦੀ ਪਹਿਲੀ ਕਿਤਾਬ 'ਔਸੀਆਂ' ਛਪ ਗਈ ਸੀ ਉਸ ਤੋਂ ਬਾਅਦ:

- *ਜ਼ਿੰਦਗੀ ਦੇ ਗੀਤ*
- *ਸਮੇਂ ਦੀ ਆਵਾਜ਼*
- *ਜੋਬਨ ਨਵਾਂ ਨਕੋਰ*
- *ਰੂਪ ਤੇਰਾ ਰੱਬ ਵਰਗਾ*
- *ਮੇਰੇ ਜਿਹੀ ਕੋਈ ਜੱਟੀ ਵੀ ਨਾ*
- *ਗੀਤ ਮੇਰੇ ਮੀਤ*

ਛਪ ਚੁੱਕੀਆਂ ਹਨ। ਹਸਨਪੁਰੀ ਦੀ ਆਖਰੀ ਕਿਤਾਬ 'ਕਿੱਥੇ ਗਏ ਓਹ ਦਿਨ ਓ ਅਸਲਮ' ਲੰਬੀ ਕਵਿਤਾ ਦੇ ਰੂਪ ਵਿੱਚ 1947 ਦੀ ਵੰਡ ਦੀ ਦਰਦ ਕਹਾਣੀ ਹੈ, ਜਿਸਨੂੰ ਪੜ੍ਹ ਕੇ ਹਰ ਇੱਕ ਪਾਠਕ ਦੀਆਂ ਅੱਖਾਂ ਨਮ ਹੋ ਜਾਂਦੀਆਂ ਹਨ। 8 ਅਕਤੂਬਰ 2009 ਨੂੰ ਬਹੁਪੱਖੀ ਪ੍ਰਤਿਭਾ ਦਾ ਮਾਲਕ ਇੰਦਰਜੀਤ ਹਸਨਪੁਰੀ ਆਪਣੀ ਦੇਹ ਦਾ ਓਹਲਾ ਕਰ ਗਿਆ, ਪਰ ਓਹਦਿਆਂ ਗੀਤਾਂ ਦੇ ਸੱਤਰੰਗੇ ਕਬੂਤਰ ਆਪਣੀ ਸਹਿਜ ਅਤੇ ਸਥਾਈ ਗੁਟਰ-ਗੂੰ, ਗੁਟਰ -ਗੂੰ ਨਾਲ ਪੰਜਾਬੀਆਂ ਦਾ ਚਿੱਤ ਪਰਚਾਉਂਦੇ ਰਹਿਣਗੇ।

facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਜੱਟ ਪੈਦਾ ਹੋਇਐ ਬਸ ਛਾਉਣ ਵਾਸਤੇ






❀ ਜੱਟ ਪੈਦਾ ਹੋਇਐ ਬਸ ਛਾਉਣ ਵਾਸਤੇ ❀
ਮੈਂ ਕਰਦਾ ਫਲਾਈ ਫਿਰਦਾ
ਕਈ ਮੂੰਹ ਚੁੱਕੀ ਫਿਰਦੇ ਉਤਾਂਹ ਨੂੰ

ਦਿਲਜੀਤ ਦੋਸਾਂਝ ਇੱਕ ਕਲਾਕਾਰ ਹੈ , ਉਸ ਕੋਲ ਗਾਇਨ ਕਲਾ ਤਾਂ ਹੈ ਹੀ ਹੈ , ਇਸ ਤੋਂ ਇਲਾਵਾ ਇੱਕ ਚੰਗਾ ਸਟੇਜ ਪ੍ਰਫਾਰਮਰ ਹੈ। ਉਸ ਕੋਲ ਇੱਕ ਵੱਡੀ ਟੀਮ ਹੈ , ਆਪਣਾ ਸਟੇਜੀ ਗੈਟ ਅੱਪ ਹੈ, ਅਧਿਨੁਕ 3ਡੀ ਲਾਈਟਿੰਗ ਤੇ ਮਿਊਜ਼ਿਕ ਸਿਸਟਮ ਹੈ ਜਿਸ ਸਹਾਰੇ ਉਹ ਅੱਜ ਦੀ ਘੜੀ ਵੱਖਰਾ ਅਤੇ ਲੋਕਪ੍ਰਿਯ ਪੇਸ਼ਕਾਰ ਹੈ ।

ਜਿਉਂ ਜਿਉਂ ਸੌਹਰਤ ਦੀਆਂ ਬੁਲੰਦੀਆਂ ਵੱਲ ਜਾ ਰਿਹਾ ਹੈ ਨਾਲ ਦੀ ਨਾਲ ਨਿਮਰਤਾ ਵੀ ਵਿਖਾ ਰਿਹਾ ਹੈ। ਉਸ ਦੀ ਬੋਲਚਾਲ ਚ ਪਿਉਰ ਜੱਟਕਾ ਤੇ ਪੰਜਾਬੀ ਟਕਸਾਲੀ ਟੱਚ ਹੈ । ਉਹ ਕਦੇ ਮੁਹੰਮਦ ਸਦੀਕ ਦੇ ਪੈਰੀਂ ਹੱਥ ਲਾ ਰਿਹਾ ਹੁੰਦੈ ਤੇ ਕਦੇ ਮਾਣਕ ਦੇ ਬੇਟੇ ਯੁਧਵੀਰ ਦੇ।

" ਪੰਜਾਬੀ ਆ ਗਏ ?ਏ ! ਪੰਜਾਬੀ ਛਾ ਗਏ ?ਏ " ਉਸ ਦਾ ਸ਼ਲੋਗਨ ਹੈ ਜੋ ਉਹ ਸਟੇਜ ਉੱਪਰ ਚੜ੍ਹਨ ਵੇਲੇ ਵਰਤਦਾ ਹੈ।। ਉਹ ਗੱਲਬਾਤ ਚ ਕਦੇ ਵੀ ਚੱਕਵੀਂ ਗੱਲ ਨਹੀਂ ਕਰਦਾ , ਉਂਝ ਗੀਤਾਂ ਚ ਚੱਕਵੀਂ ਗੱਲ ਕਰਨਾ ਟਰੈਂਡ ਹੈ ਅਤੇ ਇਸੇ ਕਰਕੇ ਹੀ ਸਿੱਧੂ ਮੂਸੇਵਾਲਾ ਛਾਇਆ ਹੋਇਆ ਸੀ , ਉਸ ਤੋਂ ਬਾਅਦ ਜੇਕਰ ਵਰਲਡ ਲੈਵਲ ਤੇ ਗਾਇਕੀ ਦੀ ਧਾਂਕ ਜਮਾਈ ਹੈ ਤਾਂ ਉਹ ਸਿਰਫ ਤੇ ਸਿਰਫ ਦਿਲਜੀਤ ਹੈ ।

ਉਸ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਨੂੰ ਲੈਕੇ ਸ਼ੋਸ਼ਲ ਮੀਡੀਆ ਤੇ ਉਸ ਨੂੰ ਟਰੋਲ ਕੀਤਾ ਜਾ ਰਿਹਾ ਹੈ ਪਰ ਟਰੋਲ ਕਰਨ ਵਾਲੇ ਇਹ ਨੀ ਜਾਣਦੇ ਕਿ ਇਸ ਪਿੱਛੇ ਉਸ ਦੀ 25 ਸਾਲ ਦੀ ਮਿਹਨਤ ਹੈ ।

ਬਾਕੀ ਵਧੀਆ ਗੱਲ ਹੈ ਕਿ ਕਲਾਕਾਰ ਨੂੰ ਕਲਾਕਾਰ ਹੀ ਰਹਿਣ ਦਿਓ ! ਨਾ ਤਾਂ ਉਸ ਨੂੰ ਰੱਬ ਬਣਾਓ ਤੇ ਨਾ ਹੀ ਉਸ ਤੋਂ ਬਹੁਤੀਆਂ ਉਮੀਦਾਂ ਰੱਖੋ । ਉਹ ਨਾਂ ਤਾਂ ਕਿਸੇ ਕੌਮ /ਮਜ਼ਬ / ਜਾਤ / ਦੇਸ਼ ਦਾ ਨੁਮਾਇੰਦਾ ਹੈ ਨਾ ਹੀ ਕਿਸੇ ਲਹਿਰ ਦਾ ਆਗੂ ਹੈ। ਉਹ ਸਿਰਫ ਤੇ ਸਿਰਫ ਕਲਾਕਾਰ ਹੈ , ਜਿਸ ਨੇ ਬਤੌਰ ਗਾਇਕ ਪੰਜਾਬੀ ਗਾਇਕੀ ਤੇ ਪੰਜਾਬੀ ਪਹਿਰਾਵੇ ਦਾ ਡੰਕਾ ਦੁਨੀਆਂ 'ਤੇ ਵਜਾਇਆ ਹੈ ਜੋ ਸੰਗੀਤ ਪ੍ਰੇਮੀਆਂ ਵਾਸਤੇ ਮਾਣ ਕਰਨ ਲਈ ਕਾਫੀ ਹੈ ।

ਜੇਕਰ ਤਸਵੀਰ ਨੂੰ ਉਲਟੇ ਪਾਸੇ ਤੋਂ ਵੇਖੀਏ, ਇਹ ਵੀ ਦਲਜੀਤ ਦੀ ਪ੍ਰਾਪਤੀ ਹੈ ਕਿ ਜਿਸ ਕੰਗਣਾ ਨੂੰ ਉਸ ਨੇ ਕਿਸਾਨੀ ਅੰਦੋਲਨ ਵੇਲੇ ਮੂੰਹ ਤੋੜ ਜਵਾਬ ਦਿੱਤਾ ਸੀ , ਉਹ ਹੁਣ ਉਸੇ ਪਾਰਟੀ ਦੀ ਐਮ ਪੀ ਹੈ ਜਿਸ ਪਾਰਟੀ ਦੇ ਪ੍ਰਧਾਨ ਮੰਤਰੀ ਵੱਲੋਂ ਦਿਲਜੀਤ ਨੂੰ ਬੁਲਾਵਾ ਦਿੱਤਾ ਗਿਆ ਹੈ।
ਅਖੀਰ ਚ ਇਹੀ ਕਹਿ ਸਕਦੇ ਹਾਂ ਕਿ ❀ ਜੱਟ ਪੈਦਾ ਹੋਇਐ ਬਸ ਛਾਉਣ ਵਾਸਤੇ ❀ ।


(ਮੁਖਤਿਆਰ ਪੱਖੋ ਦੀ ਬਿਜਲਈ ਕੰਧ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਕਾਪੀ ਕੀਤਾ)




# ਕੱਚੇ ਵਿਹੜਿਆਂ ਨੇ ਜਿਹੜਾ ਸਬਕ ਪੜ੍ਹਾਇਆ

ਕੱਚੇ ਵਿਹੜਿਆਂ ਨੇ ਜਿਹੜਾ ਸਬਕ ਪੜ੍ਹਾਇਆ,
ਸੱਚੀਂ ਅੜੇ-ਥੁੜੇ ਵੇਲ਼ੇ ਸਾਨੂੰ ਬੜਾ ਕੰਮ ਆਇਆ।
ਆਡਾਂ ਬੰਨਿਆਂ ਤੇ ਦੌੜਦੇ ਨਾ ਕਦੀ ਅਸੀਂ ਡਿੱਗੇ,
ਸੰਗਮਰਮਰ ਉੱਤੇ ਸਾਨੂੰ ਤੁਰਨਾ ਨਾ ਆਇਆ ।

ਜਨਮ-ਭੂਮੀ ਵੱਲ ਪਰਤਣਾ ਕਿਸੇ ਟੁੱਟੀ ਸ਼ਾਖ ਦਾ ਜੜ੍ਹਾਂ ਨਾਲ਼ ਜੁੜਨ ਜਿਹਾ ਅਹਿਸਾਸ ਭਰਦਾ ਹੈ। ਜਿਵੇਂ ਜ਼ਿੰਦਗੀ ਦੀ ਕਿਤਾਬ ਦਾ ਕੋਈ ਪਿਛਲਾ ਪੰਨਾ ਸੱਜਰਾ ਹੋ ਰਿਹਾ ਹੋਵੇ। ਇਸ ਵਾਰ ਜਦੋਂ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਬੋਲਣ ਲਈ ਸੱਦਾ ਮਿਲਿਆ ਤਾਂ ਇਸ ਨਾਲ਼ ਕੋਈ ਵੱਖਰਾ ਹੀ ਸਕੂਨ, ਵੱਖਰੀ ਹੀ ਸੰਤੁਸ਼ਟੀ ਜਾਂ ਤ੍ਰਿਪਤੀ ਜਿਹਾ ਅਹਿਸਾਸ ਹੋਇਆ। ਸਾਡੇ ਵਿਭਾਗ ਦੇ ਹਾਲ ਕਮਰੇ ਨੂੰ ਖਚਾ-ਖਚ ਭਰਿਆ ਵੇਖ ਕੇ ਮੈਨੂੰ ਲੱਗਿਆ ਕਿ ਇਹ ਭੀੜ ਮੇਰੀ ਸੋਸ਼ਲ ਮੀਡੀਏ ਤੇ ਹਾਜ਼ਰੀ ਕਰ ਕੇ ਹੋਣੀ ਹੈ। ਉੱਥੇ ਮੇਰੇ ਵਿਭਾਗ ਦੇ ਹੀ ਨਹੀਂ ਸਗੋਂ ਹੋਰ ਵਿਭਾਗਾਂ ਦੇ ਵਿਦਿਆਰਥੀ ਵੀ ਆ ਜੁੜੇ ਸਨ। ਉਸ ਦਿਨ ਅਸਲ ਸੈਸ਼ਨ ਮੇਰੀ ਕੀਤੀ ਗੱਲਬਾਤ ਤੋਂ ਪਿੱਛੋਂ ਹੀ ਸ਼ੁਰੂ ਹੋਇਆ ਜਦੋਂ ਨੌਜਵਾਨ ਵਿਦਿਆਰਥੀਆਂ ਨੇ ਆਪਣੀ ਜਗਿਆਸੂ ਬਿਰਤੀ ਨਾਲ਼ ਤੀਖਣ ਬੁੱਧੀ ਵਾਲ਼ੇ ਸਵਾਲ ਕੀਤੇ ਜਿਸ ਦੀ ਤਵੱਕੋ ਹਰ ਸੂਝਵਾਨ ਤੋਂ ਕੀਤੀ ਜਾ ਸਕਦੀ ਹੈ। ਸਾਰੇ ਸਵਾਲ ਉਨ੍ਹਾਂ ਦੀ ਦੂਰ ਅੰਦੇਸ਼ੀ ਦੀ ਦੱਸ ਪਾ ਰਹੇ ਸਨ। ਉਨ੍ਹਾਂ ਦੇ ਸਵਾਲਾਂ ਨਾਲ਼ ਮੈਨੂੰ ਵੀ ਸਿੱਖਣ ਨੂੰ ਬਹੁਤ ਕੁੱਝ ਮਿਲਿਆ। ਸਭ ਤੋਂ ਵੱਧ ਗੌਲਣਯੋਗ ਨੁਕਤਾ ਸਾਡੀ ਅਸਤ ਹੋ ਰਹੀ ਸੋਚ ਅਤੇ ਇਸ ਉਸਰ ਰਹੀ ਸੋਚ ਵਿਚਲੀ ਵਿੱਥ ਦਾ ਕਿਹਾ ਜਾ ਸਕਦਾ ਹੈ। ਮੈਨੂੰ ਲੱਗਿਆ ਅਸੀਂ ਆਪਣੀਆਂ ਪ੍ਰਾਪਤੀਆਂ ਦੇ ਸੋਹਲੇ ਗਾਉਂਦੇ ਇਨ੍ਹਾਂ ਦੀਆਂ ਸੰਭਾਵਨਾਵਾਂ ਨੂੰ ਨਿਗੂਣਾ ਜਾਣਦੇ ਇਹ ਧਾਰਨਾ ਪਾਲ਼ਦੇ ਹਾਂ ਕਿ ਇਹ ਆਪਣੇ ਦੁਆਲ਼ੇ ਤੋਂ ਬੇ-ਖ਼ਬਰ, ਬੇ-ਮੁਖ ਜਾਂ ਅਵੇਸਲ਼ੀ ਹੋਈ ਬਸ ਲਾਹਾ-ਮੁਖੀ ਹੀ ਹੈ । ਪਰ ਇਨ੍ਹਾਂ ਦੇ ਸਵਾਲ ਜਾਗਦੀ ਜ਼ਮੀਰ ਦੀ ਬਾਤ ਪਾ ਰਹੇ ਲੱਗੇ। ਉਹ ਸਭ ਹਾਲਾਤ ਨਾਲ਼ ਲੜਨ ਦੀ ਜੁਰੱਅਤ ਰਖਦੇ ਦੁਆਲ਼ੇ ਦੇ ਮਘਦੇ ਮਸਲਿਆਂ ਬਾਰੇ ਚਿੰਤਾਤੁਰ, ਸੁਚੇਤ ਅਤੇ ਸੁਝ ਰੱਖਣ ਵਾਲ਼ੇ ਹਨ। ਕਈਆਂ ਦੇ ਸਵਾਲ ਪੇਂਡੂ ਤੇ ਸ਼ਹਿਰੀ ਵਰਤਾਅ ਬਾਰੇ ਦਿਲਚਸਪ ਸਨ। ਉਨ੍ਹਾਂ ਦੇ ਸ਼ਬਦਾਂ ਵਿਚ ਅਸੀਂ ਭਾਵੁਕਤਾ ਤੇ ਇਮਾਨਦਾਰੀ ਨਾਲ਼ ਪੇਸ਼ ਆਉਂਦੇ ਹਾਂ ਪਰ ਸ਼ਹਿਰੀਏ ਸਾਨੂੰ ਫੇਰ ਸੀਪ ਲਾ ਜਾਂਦੇ ਹਨ। ਭਾਵੁਕ ਸਾਂਝ ਲਈ ਸ਼ਹਿਰੀ ਲਿਫਾਫੇਬਾਜ਼ੀ ਵੱਲ ਭਰਮਾਏ ਜਾਣ ਜਿਹੀ ਨਿਰਾਸ਼ਾ ਸੀ। ਇੱਕ ਹੋਰ ਨੁਕਤਾ ਔਰਤ-ਮਰਦ ਦੇ ਆਪਸੀ ਸੰਬੰਧਾਂ ਬਾਰੇ ਵੀ ਭਖਦਾ ਰਿਹਾ। ਤਕਰੀਬਨ ਹਰ ਜਵਾਨ ਦੇ ਮੱਥੇ ਤੋਂ ਕਵਾਰੀ ਤਾਂ ਚਾਉ ਵਾਲ਼ੀ ਸਤਰ ਖੁਰਦੀ ਨਜ਼ਰ ਆਈ। ਇਸ ਦੀ ਥਾਂ ਵਿਆਹੀ ਤਾਂ ਮਾਮਲੇ ਵਾਲ਼ਾ ਰੰਗ ਵਧੇਰੇ ਉਘੜਦਾ ਨਜ਼ਰ ਆਇਆ। ਵਫ਼ਾ ਦੀ ਤਲਾਸ਼ ਕਰਦਿਆਂ ਨੂੰ ਪੈਰ-ਪੈਰ ਤੇ ਟੁੱਟਦੇ ਭਰੋਸੇ ਨੇ ਉਦਾਸ ਕੀਤਾ ਹੈ। ਮਘਦੇ ਚੰਗਿਆੜੇ ਜਿਹੀ ਉਮਰਾ ਵਿਚ ਹੀ ਖੌਲਦੇ ਸਮੁੰਦਰ ਜਿਹੀਆਂ ਰੀਝਾਂ ਨੂੰ ਭਵਿੱਖੀ ਸੁਪਨਿਆਂ ਕੋਲ਼ ਗਿਰਵੀ ਰਖਦੇ ਲੱਗੇ। ਕੱਚ ਦੀਆਂ ਵੰਗਾਂ ਦੇ ਟੁਕੜਿਆਂ ਜਿਹੇ ਬਿਖਰੇ ਸੁਪਨਿਆਂ ਨੂੰ ਆ ਰਹੇ ਸਮੇਂ ਹੱਥ ਸੌਂਪਦੇ ਉਹ ਆਪਣੀ ਧਰਤ, ਹਾਲਾਤ ਅਤੇ ਸਰਕਾਰਾਂ ਲਈ ਗਿਲਾ ਪਾਲ਼ਦੇ ਹਨ। ਲੜਕੀਆਂ ਨੇ ਹਰ ਖੇਤਰ ਵਿਚ ਮੱਲਾਂ ਮਾਰੀਆਂ ਹਨ ਫਿਰ ਵੀ ਉਨ੍ਹਾਂ ਦੇ ਸਵਾਲ ਪੇਕਿਆਂ ਤੇ ਸਹੁਰਿਆਂ ਵਿਚਲੀ ਆਰਥਿਕ, ਬੌਧਿਕ ਅਤੇ ਭਾਵੁਕ ਵਾਲ਼ੀ ਵਿੱਥ ਨੂੰ ਝੂਰਦੇ ਲੱਗੇ। ਲੋਕਾਚਾਰੀ ਵਾਲ਼ੀਆਂ ਰਸਮਾਂ ਅਤੇ ਨਿੱਜ ਨੂੰ ਮਾਰ ਕੇ ਹੋਰਨਾਂ ਦੇ ਲੇਖੇ ਜੂਨ ਲਾ ਕੇ ਤੁਰ ਜਾਣਾ ਹਾਵੀ ਹੁੰਦਾ ਲੱਗਿਆ। ਇਹ ਪੀੜ੍ਹੀ ਹਾਲਾਤ ਨਾਲ਼ ਜੂਝਣ ਲਈ ਸਾਡੇ ਤੋਂ ਹੱਲਾਸ਼ੇਰੀ ਤੇ ਸ਼ਾਬਾਸ਼ ਦੀ ਮੰਗ ਰਖਦੀ ਹੈ। ਪੂਰੇ ਸੈਸ਼ਨ ਮਗਰੋਂ ਕਈ ਲੜਕੀਆਂ ਮੇਰੇ ਮੋਢੇ ਲੱਗ ਧਾਹਾਂ ਮਾਰ-ਮਾਰ ਰੋਈਆਂ। ਮੈਨੂੰ ਲੱਗਿਆ ਹਰ ਸੀਨੇ ਵਿਚ ਹੀ ਮਾਰੂਥਲ ਵਿਛਿਆ ਹੈ। ਟੁਕੜੇ-ਟੁਕੜੇ ਹੋਈ ਸੋਚ ਨਾਲ਼ ਇਹ ਸਾਲਮ ਸਬੂਤੀ ਜ਼ਿੰਦਗੀ ਬਟੋਰਨਾ ਚਾਹ ਰਹੇ ਹਨ। ਰੱਬ ਸਮਰੱਥਾ ਬਖ਼ਸ਼ੇ। ਜੀਅ ਕਰਦਾ ਸੀ ਹਰੇਕ ਨੂੰ ਨੌਕਰੀ ਦੇ ਰੁੱਕੇ ਨਾਲ਼ ਘਰ ਭੇਜਾਂ ਪਰ ਸ਼ਾਇਦ ਮੇਰੇ ਸਾਹਾਂ ਤਕ ਇਹ ਨਹੀਂ ਹੋ ਸਕਦਾ। ਹਰ ਵਿਭਾਗ ਨੂੰ ਮੇਰੀ ਬੇਨਤੀ ਹੈ ਇਸ ਤਰ੍ਹਾਂ ਦੀ ਦੁਵੱਲੀ ਵਾਰਤਾਲਾਪ ਹਰ ਮਹੀਨੇ ਜ਼ਰੂਰ ਕਰਵਾਈ ਜਾਵੇ ਜਿੱਥੇ ਸੀਨੇ ਅੰਦਰ ਦੱਬੀਆਂ ਅਣਕਹੀਆਂ ਗੱਲਾਂ ਨੂੰ ਝੀਥ ਮਿਲ ਸਕੇ। ਮੈਨੂੰ ਲੱਗਿਆ ਤਿੰਨ-ਚਾਰ ਘੰਟਿਆਂ ਦਾ ਇਹ ਰਾਬਤਾ ਲਿਖੀ ਸਤਰ ਦੇ ਖਾਲੀ ਥਾਂ ਭਰਨ ਜੋਗਾ ਹੀ ਬਣ ਸਕਿਆ ਹੈ। ਇਕ ਵਾਰ ਮੈਂ ਪੜ੍ਹਿਆ ਸੀ ▾ਜਬ ਆਪ ਅਨਪੜ੍ਹ ਥੇ ਹਮ ਗਾਓਂ ਮੇਂ ਰਹਿਤੇ ਥੇ, ਅਬ ਹਮ ਪੜ੍ਹ ਗਏ ਹੈਂ ਬਸ ਤਣਾਓ ਮੇਂ ਰਹਿਤੇ ਹੈਂ।▾ਅਸੀਂ ਜੇ ਦਿਲ ਦੇ ਦਰ ਖੋਲ੍ਹ ਕੇ ਰੱਖੀਏ ਇਹ ਦੁਆਲ਼ੇ ਦੀ ਸੂਚਨਾ ਨਾਲ਼ ਸਾਡੀਆਂ ਅੱਖਾਂ ਖੋਲ੍ਹਣ ਦਾ ਹੀਲਾ ਜ਼ਰੂਰ ਜੁਟਾ ਲੈਣਗੇ। ਹੈਰਾਨੀ ਦੀ ਗੱਲ ਇਹ ਸੀ ਕਿ ਕਿਸੇ ਨੇ ਵੀ ਕੈਨੇਡਾ ਬਾਰੇ ਕੋਈ ਸਵਾਲ ਨਾ ਕੀਤਾ। ਸ਼ਾਇਦ ਸੋਚਦੇ ਹੋਣ ਜਿਹੜੇ ਪਿੰਡ ਨੀਂ ਜਾਣਾ ਉਹਦਾ ਕੀ ਰਾਹ ਪੁੱਛਣਾ। ਮੈਂ ਉਨ੍ਹਾਂ ਦੇ ਸਵਾਲਾਂ ਲਈ ਸ਼ਬਦ ਪਰੋਸ ਸਕੀ ਹਾਂ ਜਾਂ ਨਹੀਂ ਪਰ ਮੈਨੂੰ ਇਨ੍ਹਾਂ ਸਭ ਨੂੰ ਮਿਲ ਕੇ ਕਾਲ਼ਜਾ ਠਰਨ ਜਿਹਾ ਅਹਿਸਾਸ ਜ਼ਰੂਰ ਹੋਇਆ। ਮੈਂ ਆਸਵੰਦ ਹੋ ਕੇ ਮੁੜੀ ਹਾਂ।

Bullet EXPRESS

# ਨਵੇਂ ਸਾਲ ਅਤੇ ਲੋਹੜੀ ਦੀਆਂ ਲੱਖ-ਲੱਖ ਵਧਾਈਆਂ

Bullet EXPRESS

2014 ਵਿੱਚ ਟਰੱਕਿੰਗ ਕੰਪਨੀ ਸ਼ੁਰੂ ਕੀਤੀ ਸੀ ਅਤੇ ਹੁਣ ਤੱਕ ਸੈਂਕੜੇ ਵਿਦਿਆਰਥੀਆਂ ਨੂੰ ਵੱਖ ਵੱਖ ਪ੍ਰੋਗਰਾਮਾਂ ਤਹਿਤ ਰੁਜ਼ਗਾਰ ਦਾ ਵਸੀਲਾ ਬਣਦਿਆਂ ਕੈਨੇਡਾ ਦੇ ਪੱਕੇ ਵਸਨੀਕ ਬਣਨ ਵਿੱਚ ਮੱਦਦ ਕੀਤੀ







## We are hiring Company Drivers & Owner Operators for USA Open Board

- Steady Milage and Home Time
-Bi Week Directly diposit
-Execellent equipment
Dedicated to you
-Paid Border cross and waiting time
- after 2 Hours

## Must Have

- Clean Driver Abstract and CVOR
- Clear Criminal Search
- Minimum 6 months verifiable experience

Competitive Great Wages & Regular Home Time
Come into Check out oru Family.
See our Trucks and Meet our Team
Bullet Express Inc, 1041 Kearns Cres, Regina

**info@bulletexpress.ca**

**306-914-7733/647-227-4700**

# ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਨੇ ਅਲਬਰਟਾ ਕੱਪ 2025 ਦਾ ਐਲਾਨ ਕੀਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਨੇ 3 ਜਨਵਰੀ ਨੂੰ ਆਪਣੀ ਸਾਲਾਨਾ ਮੀਟਿੰਗ ਦੌਰਾਨ ਕਿਲੱਬ ਦੇ ਮੈਂਬਰਾਂ ਅਤੇ ਸਹਿਯੋਗੀਆਂ ਦੀਆਂ 2024 ਦੀ ਸਫਲਤਾਵਾਂ ਅਤੇ ਪ੍ਰਦਰਸ਼ਨ ਦੀ ਸਮੀਖਿਆ ਕੀਤੀ ਅਤੇ ਸਾਰੇ ਸਾਲ ਦਾ ਲੇਖਾ-ਜੋਖਾ ਕੀਤਾ। ਕਲੱਬ ਦੇ ਕੋਚ ਤੇ ਮੁੱਖ ਪ੍ਰਬੰਧਕ ਮਨਦੀਪ ਝੱਲੀ ਵੱਲੋਂ ਪੇਸ਼ ਕੀਤੀ ਰਿਪੋਰਟ ਵਿੱਚ ਦੱਸਿਆ ਕਿ ਇਸ ਸਾਲ ਕਲੱਬ ਦੇ 7 ਖਿਡਾਰੀ ਅਲਬਰਟਾ ਦੀ ਟੀਮ ਲਈ ਚੁਣੇ ਗਏ ਅਤੇ 3 ਖਿਡਾਰੀ ਕਨੇਡਾ ਦੀ ਟੀਮ ਲਈ ਚੁਣੇ ਗਏ। ਇਸ ਸਾਲ, ਕਲੱਬ ਨੇ ਦਸੰਬਰ ਵਿੱਚ 8ਵੇਂ ਸਾਲ ਬੱਚਿਆਂ ਲਈ ਮੁਫਤ ਹਾਕੀ ਟ੍ਰੇਨਿੰਗ ਵੀ ਕਰਵਾਈ। ਕਲੱਬ ਵੱਲੋਂ ਆਯੋਜਿਤ 8ਵੇ ਟੂਰਨਾਮੈਂਟ ਅਲਬਰਟਾ ਕੱਪ 2025 ਦੀ ਤਾਰੀਖਾਂ ਦਾ ਐਲਾਨ ਕੀਤਾ, ਜੋ ਮਈ 30,31 ਅਤੇ 1 ਜੂਨ 2025 ਨੂੰ ਜੈਨਸਿਸ ਸੈਂਟਰ ਵਿੱਚ ਕਰਵਾਇਆ ਜਾਵੇਗਾ।ਮੀਟਿੰਗ ਵਿੱਚ ਸਰਬਸੰਮਤੀ ਨਾਲ 2025 ਟੂਰਨਾਮੈਂਟ ਕਮੇਟੀ ਵੀ ਚੁਣੀ ਗਈ, ਜਿਸ ਵਿੱਚ ਕੰਵਲ ਢਿੱਲੋਂ - ਪ੍ਰਧਾਨ, ਮਨਵੀਰ ਮਾਂਗਟ - ਸੀਨੀਅਰ ਵਾਈਸ ਪ੍ਰਧਾਨ, ਗੁਰਵਿੰਦਰ ਰੰਧਾਵਾ - ਵਾਈਸ ਪ੍ਰਧਾਨ,ਸੁਰਿੰਦਰ ਸਿੰਘ - ਸੈਕਟਰੀ,ਮਨਵੀਰ ਗਿੱਲ - ਟੂਰਨਾਮੈਂਟ ਡਾਇਰੈਕਟਰ, ਕੁਲਵੰਤ ਬਰਾੜ – ਚੇਅਰਮੈਨ, ਔਂਕਾਰ ਢੀਂਡਸਾ - ਐਮਪੇਰਿੰਗ ਹੈਡ, ਜੀਵਨ ਮਾਂਗਟ - ਟੈਕਨੀਕਲ ਹੈਡ ਚੁਣੇ ਗਏ। ਮੀਟਿੰਗ ਦੇ ਅਖੀਰ ਵਿੱਚ, ਕਲੱਬ ਦੇ ਮੈਂਬਰਾਂ ਅਤੇ ਸਹਿਯੋਗੀਆਂ ਨੇ ਨਵਾਂ ਸਾਲ ਮਨਾਇਆ ਅਤੇ ਫੀਲਡ ਹਾਕੀ ਵਿੱਚ ਭਵਿੱਖ ਲਈ ਨਵੇਂ ਮੌਕੇ ਪ੍ਰਾਪਤ ਕਰਨ ਲਈ ਆਪਣੀ ਜੋਸ਼ ਅਤੇ ਉਤਸ਼ਾਹ ਦਾ ਪ੍ਰਗਟਾਵਾ ਕੀਤਾ।

# ਕੈਲਗਰੀ 'ਚ ਪ੍ਰੋ-ਟੈਕਸ ਬਲੌਕ ਕਿੰਗਜ਼ ਗੋਲਡ ਹਾਕੀ ਕੱਪ ਦੌਰਾਨ ਕਿੰਗਜ਼ ਇਲੈਵਨ ਕਲੱਬ ਨੇ ਹੀ ਜਿੱਤਿਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕਿੰਗਜ਼ ਇਲੈਵਨ ਫੀਲਡ ਹਾਕੀ ਸੁਸਾਇਟੀ ਵੱਲੋਂ ਕੈਲਗਰੀ ਦੇ ਖਾਲਸਾ ਸਕੂਲ ਵਿੱਚ ਦੋ ਰੋਜ਼ਾ ਪ੍ਰੋ ਟੈਕਸ ਬਲੌਕ ਕਿੰਗਜ਼ ਫੀਲਡ ਹਾਕੀ ਕੱਪ ਕਰਵਾਇਆ ਗਿਆ ਜਿਸ ਵਿੱਚ ਮੇਜ਼ਬਾਨ ਟੀਮ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਨੇ ਪਹਿਲਾ ਅਤੇ ਅਕਾਲ ਵਾਰੀਅਰਜ਼ ਫੀਲਡ ਹਾਕੀ ਕਲੱਬ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਦੋਵੇਂ ਦਿਨਾਂ ਦੌਰਾਨ ਬਹੁਤ ਹੀ ਰੌਚਿਕ ਮੈਚ ਹੋਏ ਤੇ ਫਾਈਨਲ ਮੈਚ ਅਕਾਲ ਵਾਰੀਅਰਜ਼ ਫੀਲਡ ਹਾਕੀ ਕਲੱਬ ਤੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਦੀ ਟੀਮ 5-4 ਦੇ ਫਰਕ ਨਾਲ਼ ਜੇਤੂ ਰਹੀ।ਛੋਟੇ ਬੱਚਿਆਂ ਨੂੰ ਖੇਡਾਂ ਨਾਲ਼ ਜੋੜਨ ਦੇ ਮਕਸਦ ਨਾਲ਼ ਉਹਨਾਂ ਦੇ ਵੀ ਮੈਚ ਕਰਵਾਏ ਗਏ। ਕਲੱਬ ਦੇ ਪ੍ਰਧਾਨ ਨਰਿੰਦਰਪਾਲ ਸਿੰਘ ਔਜਲਾ ਨੇ ਸਾਰੇ ਖਿਡਾਰੀਆਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ।ਇਨਾਮ ਵੰਡ ਸਮਾਗਮ ਵਿੱਚ ਅਲਬਰਟਾ ਦੇ ਪ੍ਰੀਮੀਅਰ ਦੇ ਸਲਾਹਕਾਰ ਹੈਪੀ ਮਾਨ ਸ਼ਾਮਿਲ ਹੋਏ। ਵਾਰਡ ਪੰਜ ਤੋਂ ਕੌਂਸਲਰ ਰਾਜ ਧਾਲੀਵਾਲ ਨੇ ਨਾਰਥ ਈਸਟ ਵਿੱਚ ਬਣਨ ਵਾਲੇ ਸਪੋਰਟਸ ਕੰਪਲੈਕਸ ਬਾਰੇ ਜਾਣਕਾਰੀ ਦਿੱਤੀ। ਗੁਰੂਦੁਆਰਾ ਦਸਮੇਸ਼ ਕਲਚਰਲ ਸੈਂਟਰ ਦੀ ਕਮੇਟੀ ਦੇ ਚੇਅਰਮੈਨ ਗੁਰਜੀਤ ਸਿੰਘ ਸਿੱਧੂ ਨੇ ਹਾਜ਼ਰੀ ਭਰੀ।ਇਸ ਮੌਕੇ ਹਾਕੀ ਕੋਚ ਜੱਗੀ ਧਾਲੀਵਾਲ, ਅੰਪਾਇਰ ?ਕਾਰ ਸਿੰਘ ਢੀਂਡਸਾ,ਸ਼ਮਸ਼ੇਰ ਸਿੰਘ ਗਿੱਲ,ਦਲਜੀਤ ਪੁਰਬਾ,ਪਰਮਿੰਦਰ ਭੰਗੂ,ਸੁੱਖਾ ਗਿੱਲ, ਕੰਵਰਵੀਰ ਸਰਾ,ਪਹਿਲਵਾਨ ਛਿੰਦਾ ਪੱਟੀ,ਹਰੀ ਘਈ,ਜਸਕਰਨ ਗਿੱਲ,ਜਤਿੰਦਰ ਸਿੰਘ ਤਤਲਾ,ਹਾਕੀ ਖਿਡਾਰੀ ਨਿਰਭੈ ਧਾਲੀਵਾਲ,ਕਰਮਜੀਤ ਸਿੰਘ ਹਾਜ਼ਰ ਸਨ।

# ਯਮਨ ਵਿੱਚ ਭਾਰਤੀ ਨਰਸ ਨੂੰ ਮੌਤ ਦੀ ਸਜਾ ਇਸੇ ਮਹੀਨੇ ਲਾਗੂ ਹੋ ਜਾਵੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯਮਨ ਵਿੱਚ ਰਹਿਣ ਵਾਲੀ ਇੱਕ ਭਾਰਤੀ ਨਰਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਤੇ ਹੁਣ ਯਮਨ ਦੇ ਰਾਸ਼ਟਰਪਤੀ ਰਸ਼ਾਦ ਅਲ-ਅਲੀਮੀ ਨੇ ਵੀ ਨਰਸ ਨਿਮਿਸ਼ਾ ਪ੍ਰਿਆ ਜੋ ਕਿ ਕੇਰਲ ਦੀ ਰਹਿਣ ਵਾਲੀ ਹੈ, ਦੀ ਸਜ਼ਾ ਨੂੰ ਮਨਜ਼ੂਰੀ ਦੇ ਦਿਤੀ ਹੈ। ਨਿਮਿਸ਼ਾ 2017 ਤੋਂ ਯਮਨ ਦੇ ਇੱਕ ਨਾਗਰਿਕ ਦੀ ਹੱਤਿਆ ਦੇ ਮਾਮਲੇ ਵਿੱਚ ਜੇਲ੍ਹ ਦੀ ਸਜ਼ਾ ਕੱਟ ਰਹੀ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਉਸ ਦੀ ਮੌਤ ਦੀ ਸਜ਼ਾ ਇੱਕ ਮਹੀਨੇ ਦੇ ਅੰਦਰ ਲਾਗੂ ਹੋ ਜਾਵੇਗੀ। ਯਮਨ ਦੇ ਰਾਸ਼ਟਰਪਤੀ ਦਾ ਫ਼ੈਸਲਾ ਉਸ ਪਰਿਵਾਰ ਲਈ ਝਟਕਾ ਹੈ, ਜੋ ਆਪਣੀ 36 ਸਾਲਾ ਧੀ ਨੂੰ ਮੌਤ ਦੀ ਸਜ਼ਾ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਨਰਸ ਨਿਮਿਸ਼ਾ ਦੀ 57 ਸਾਲਾ ਮਾਂ ਪ੍ਰੇਮਾ ਕੁਮਾਰੀ ਇਸ ਸਾਲ ਦੇ ਸ਼ੁਰੂ ਵਿੱਚ ਯਮਨ ਦੀ ਰਾਜਧਾਨੀ ਸਨਾ ਪਹੁੰਚੀ ਸੀ। ਉਦੋਂ ਤੋਂ ਉਹ ਕਥਿੱਤ ਤੌਰ 'ਤੇ ਆਪਣੀ ਧੀ ਲਈ ਮੌਤ ਦੀ ਸਜ਼ਾ ਅਤੇ ਬਲੱਡ ਮਨੀ ਦੀ ਮੁਆਫ਼ੀ ਲਈ ਪੀੜਤ ਪਰਿਵਾਰ ਨਾਲ ਗੱਲਬਾਤ ਕਰ ਰਹੀ ਸੀ। ਵਰਨਣਯੋਗ ਹੈ ਕਿ ਨਰਸ ਨਿਮਿਸ਼ਾ ਪ੍ਰਿਆ ਨੂੰ 2017 ਵਿੱਚ ਯਮਨ ਦੇ ਨਾਗਰਿਕ ਤਲਾਲ ਅਬਦੋ ਮਹਿਦੀ ਦੀ ਹੱਤਿਆ ਦਾ ਦੋਸ਼ੀ ਪਾਇਆ ਗਿਆ ਸੀ।

# ਅਮਰੀਕਾ ਦੇ 39ਵੇਂ ਰਾਸ਼ਟਰਪਤੀ ਜਿਮੀ ਕਾਰਟਰ ਦਾ 100 ਸਾਲ ਦੀ ਉਮਰ ਵਿੱਚ ਦੇਹਾਂਤ

ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ ) ਅਮਰੀਕਾ ਦੇ 39ਵੇਂ ਰਾਸ਼ਟਰਪਤੀ ਅਤੇ ਭਾਰਤ ਆਉਣ ਵਾਲੇ ਤੀਜੇ ਅਮਰੀਕੀ ਨੇਤਾ ਜਿਮੀ ਕਾਰਟਰ ਦਾ 100 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਹ ਅਮਰੀਕੀ ਇਤਿਹਾਸ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਜੀਉਂਦੇ ਰਾਸ਼ਟਰਪਤੀ ਸਨ। ਕਾਰਟਰ ਸੈਂਟਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਜਾਰਜੀਆ ਸੂਬੇ ਦੇ ਪਲੇਨਜ਼ ਵਿੱਚ ਆਪਣੇ ਘਰ ਵਿੱਚ ਸ਼ਾਂਤੀ ਨਾਲ ਆਖ਼ਰੀ ਸਾਹ ਲਏ। ਉਨ੍ਹਾਂ ਦੇ ਪੁੱਤਰ ਚਿੱਪ ਕਾਰਟਰ ਨੇ ਕਿਹਾ, "ਮੇਰੇ ਪਿਤਾ ਜੀ ਇੱਕ ਨਾਇਕ ਸਨ, ਨਾ ਸਿਰਫ਼ ਮੇਰੇ ਲਈ, ਸਗੋਂ ਸ਼ਾਂਤੀ, ਮਨੁੱਖੀ ਅਧਿਕਾਰਾਂ ਅਤੇ ਨਿਰਸੁਆਰਥ ਪਿਆਰ ਵਿੱਚ ਵਿਸ਼ਵਾਸ ਰੱਖਣ ਵਾਲੇ ਹਰ ਵਿਅਕਤੀ ਲਈ ਵੀ। ਦੁਨੀਆ ਸਾਡਾ ਪਰਿਵਾਰ ਹੈ ਕਿਉਂਕਿ ਉਨ੍ਹਾਂ ਨੇ ਲੋਕਾਂ ਨੂੰ ਇਕੱਠੇ ਕੀਤਾ ਅਤੇ ਅਸੀਂ ਇਨ੍ਹਾਂ ਸਾਂਝੇ ਵਿਸ਼ਵਾਸਾਂ ਨੂੰ ਜਾਰੀ ਰੱਖ ਕੇ ਉਨ੍ਹਾਂ ਦੀ ਯਾਦ ਦਾ ਸਨਮਾਨ ਕਰਨ ਲਈ ਤੁਹਾਡਾ ਧੰਨਵਾਦ ਕਰਦੇ ਹਾਂ।" ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਭਾਵੇਂ ਉਨ੍ਹਾਂ ਦੇ ਕਾਰਟਰ ਨਾਲ 'ਫਿਲਾਸਫੀ ਅਤੇ ਸਿਆਸੀ ਤੌਰ 'ਤੇ ਬਹੁਤ ਜ਼ਿਆਦਾ ਮਤਭੇਦ' ਸਨ, ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਇਹ ਵੀ ਅਹਿਸਾਸ ਹੋਇਆ ਕਿ ਉਹ 'ਸਾਡੇ ਦੇਸ਼' ਨੂੰ ਸੱਚਮੁੱਚ ਪਿਆਰ ਕਰਦੇ ਸਨ ਅਤੇ ਇਸ ਦੀਆਂ 'ਕਦਰਾਂ ਕੀਮਤਾਂ ਦਾ ਸਤਿਕਾਰ' ਕਰਦੇ ਹਨ। ਉਨ੍ਹਾਂ ਕਿਹਾ, "ਉਨ੍ਹਾਂ ਨੇ ਅਮਰੀਕਾ ਨੂੰ ਇੱਕ ਬਿਹਤਰ ਜਗ੍ਹਾ ਬਣਾਉਣ ਲਈ ਸਖ਼ਤ ਮਿਹਨਤ ਕੀਤੀ, ਅਤੇ ਇਸ ਲਈ, ਮੈਂ ਉਨ੍ਹਾਂ ਨੂੰ ਤਹਿ ਦਿਲੋਂ ਸਤਿਕਾਰ ਦਿੰਦਾ ਹਾਂ।"ਰਾਸ਼ਟਰਪਤੀ ਜੋ ਬਾਇਡਨ ਨੇ ਜਿਮੀ ਕਾਰਟਰ ਨੂੰ ਯਾਦ ਕਰਦਿਆਂ ਆਖਿਆ ਕਿ ਇਹ ਅਮਰੀਕਾ ਵਾਸਤੇ ਇੱਕ ਬੇਹਦ ਹੀ ਦੁਖਦਾਈ ਦਿਨ ਹੈ ਉਨ੍ਹਾਂ ਦੇ ਕਿਹਾ, 'ਕਿ ਅਮਰੀਕਾ ਅਤੇ ਦੁਨੀਆ ਨੇ ਇੱਕ ਅਸਾਧਾਰਨ ਨੇਤਾ, ਰਾਜਨੇਤਾ ਅਤੇ ਮਾਨਵਤਾਵਾਦੀ ਗੁਆ ਲਿਆ ਹੈ।"

# ਹੁਣ ਲਾਹੌਰ ਦੇ ਇਤਿਹਾਸਕ ਪੁੰਛ ਹਾਊਸ ਵਿਖੇ ਭਗਤ ਸਿੰਘ ਗੈਲਰੀ ਸੈਲਾਨੀਆਂ ਲਈ ਖੋਲ੍ਹ ਦਿੱਤੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨੀ ਪੰਜਾਬ ਯਾਨੀ ਲਹਿੰਦੇ ਪੰਜਾਬ ਦੀ ਸਰਕਾਰ ਨੇ ਲਾਹੌਰ ਦੇ ਇਤਿਹਾਸਕ ਪੁੰਛ ਹਾਊਸ ਵਿਖੇ ਭਗਤ ਸਿੰਘ ਗੈਲਰੀ ਸੈਲਾਨੀਆਂ ਲਈ ਖੋਲ੍ਹ ਦਿੱਤੀ ਹੈ, ਜਿੱਥੇ ਕਰੀਬ 93 ਸਾਲ ਪਹਿਲਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਉਤੇ ਮੁਕੱਦਮਾ ਚਲਾਇਆ ਗਿਆ ਸੀ। ਗੈਲਰੀ ਵਿੱਚ ਇਤਿਹਾਸਕ ਦਸਤਾਵੇਜ਼ ਰੱਖੇ ਗਏ ਹਨ, ਜਿਨ੍ਹਾਂ ਵਿੱਚ ਤਸਵੀਰਾਂ, ਪੱਤਰ, ਅਖ਼ਬਾਰ, ਮੁਕੱਦਮੇ ਦੇ ਵੇਰਵੇ ਅਤੇ ਉਨ੍ਹਾਂ ਦੇ ਜੀਵਨ ਤੇ ਆਜ਼ਾਦੀ ਸੰਘਰਸ਼ ਨਾਲ ਸਬੰਧਤ ਹੋਰ ਯਾਦਗਾਰੀ ਲੇਖ ਸ਼ਾਮਲ ਹਨ। ਪੰਜਾਬ ਹਕੂਮਤ ਦੇ ਮੁੱਖ ਸਕੱਤਰ ਜ਼ਾਹਿਦ ਅਖਤਰ ਜ਼ਮਾਨ ਨੇ ਗੈਲਰੀ ਦਾ ਉਦਘਾਟਨ ਕੀਤਾ। ਜ਼ਮਾਨ ਨੇ ਕਿਹਾ, "ਕਿ ਪੁੰਛ ਹਾਊਸ ਦੀ ਇਤਿਹਾਸਕ ਇਮਾਰਤ ਨੂੰ ਇਸ ਦੇ ਅਸਲ ਰੂਪ ਵਿੱਚ ਬਹਾਲ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਗੈਲਰੀ ਸ਼ਹੀਦ ਭਗਤ ਸਿੰਘ ਦੀ ਆਜ਼ਾਦੀ ਲਈ ਜੱਦੋਜਹਿਦ ਨੂੰ ਦਰਸਾਉਂਦੀ ਹੈ। ਦੱਸਣਯੋਗ ਹੈ ਕਿ Punjab Arcihves Department ਨੇ 2018 ਵਿੱਚ ਪਹਿਲੀ ਵਾਰ ਸ਼ਹੀਦ ਭਗਤ ਸਿੰਘ ਦੀ ਕੇਸ ਫਾਈਲ ਦੇ ਕੁੱਝ ਰਿਕਾਰਡ ਜੱਗਜ਼ਾਹਰ ਕੀਤੇ ਸਨ, ਜਿਸ ਵਿੱਚ ਉਨ੍ਹਾਂ ਦਾ ਫਾਂਸੀ ਸਰਟੀਫਿਕੇਟ, ਪੱਤਰ, ਫੋਟੋਆਂ ਅਤੇ ਅਖਬਾਰਾਂ ਦੀਆਂ ਕਟਿੰਗਾਂ ਅਤੇ ਹੋਰ ਸਮੱਗਰੀ ਸ਼ਾਮਲ ਸੀ।

# ਬਾਰ ਮਾਲਕ ਸਮੇਤ 12 ਲੋਕਾਂ ਦੀ ਹੱਤਿਆ ਕਰਨ ਵਾਲਾ ਖੁਦ ਵੀ ਖੁਦਕਸੀ ਕਰ ਗਿਆ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਯੂਰਪੀ ਦੇਸ਼ ਮੋਂਟੇਨੇਗਰੋ 'ਚ ਇੱਕ ਵਿਅਕਤੀ ਨੇ ਬਾਰ 'ਚ ਗੋਲੀਆਂ ਚਲਾ ਕੇ ਆਪਣੇ ਹੀ ਪਰਿਵਾਰ ਦੇ ਮੈਂਬਰਾਂ ਸਮੇਤ 12 ਲੋਕਾਂ ਦੀ ਹੱਤਿਆ ਕਰ ਦਿੱਤੀ। ਪਰਿਵਾਰ ਤੋਂ ਇਲਾਵਾ ਬਾਰ ਮਾਲਕ ਅਤੇ ਉਸਦੇ ਦੋ ਬੱਚੇ ਵੀ ਮਰਨ ਵਾਲਿਆਂ ਵਿੱਚ ਸ਼ਾਮਿਲ ਹਨ। ਚਾਰ ਲੋਕ ਜ਼ਖਮੀ ਵੀ ਹੋਏ ਹਨ। ਦੋਸ਼ੀ ਹਮਲਾਵਰ ਦੀ ਪਛਾਣ 45 ਸਾਲਾ ਅਕੋ ਮਾਰਟਿਨੋਵਿਕ ਵੱਜੋਂ ਹੋਈ ਹੈ, ਜੋ ਹਮਲੇ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਿਆ। ਉਸ ਨੂੰ ਫੜ੍ਹਨ ਲਈ ਪੁਲਸ ਨੇ ਇਲਾਕੇ ਦੇ ਸਾਰੇ ਰਾਹ ਬੰਦ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹਾਲਾਂਕਿ ਬਾਅਦ 'ਚ ਪਤਾ ਲੱਗਾ ਕਿ ਦੋਸ਼ੀ ਹਮਲਾਵਰ ਨੇ ਖੁਦਕੁਸ਼ੀ ਕਰ ਲਈ । ਸਥਾਨਕ ਪੁਲਿਸ ਮੁਤਾਬਕ ਘਟਨਾ ਦੀ ਸ਼ੁਰੂਆਤ ਬਾਰ 'ਚ ਝਗੜੇ ਨਾਲ ਹੋਈ। ਝਗੜੇ ਤੋਂ ਬਾਅਦ ਹਮਲਾਵਰ ਘਰ ਚਲਾ ਗਿਆ ਅਤੇ ਉਥੋਂ ਹਥਿਆਰ ਲੈ ਆਇਆ। ਇਸ ਤੋਂ ਬਾਅਦ ਉਸ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਉਸ ਨੇ ਬਾਰ 'ਚ ਗੋਲੀਬਾਰੀ ਕਰਕੇ 4 ਲੋਕਾਂ ਦੀ ਹੱਤਿਆ ਕਰ ਦਿੱਤੀ ਸੀ। ਇਸ ਤੋਂ ਬਾਅਦ ਉਸ ਨੇ ਤਿੰਨ ਹੋਰ ਥਾਂਵਾਂ 'ਤੇ ਜਾ ਕੇ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਹੋਰ ਲੋਕਾਂ ਦੀ ਮੌਤ ਹੋ ਗਈ। ਇੱਕ ਨਿਊਜ਼ ਏਜੰਸੀ ਮੁਤਾਬਕ ਪੁਲਿਸ ਨੇ ਝੜਪ ਦਾ ਕਾਰਨ ਪਰਿਵਾਰਕ ਸਬੰਧਾਂ ਨੂੰ ਮੰਨਿਆ ਹੈ।

# ਅਫਗਾਨਿਸਤਾਨ ਵਿੱਚ ਬੂਹੇ ਬਾਰੀਆਂ ਬੰਦ,ਹੁਣ ਕੋਈ ਕੀਮਾ ਗੱਭਰੂ ਕਿਸੇ ਮਲਕੀ ਵੱਲ ਵੇਖ ਨਹੀਂ ਸਕੇਗਾ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਫਗਾਨਿਸਤਾਨ ਵਿੱਚ ਤਾਲਿਬਾਨ ਸਰਕਾਰ ਦੇ ਆਉਣ ਤੋਂ ਬਾਅਦ ਤੋਂ ਹੀ ਔਰਤਾਂ 'ਤੇ ਲਗਾਤਾਰ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਹੁਣ ਤਾਲਿਬਾਨ ਨੇ ਇੱਕ ਹੁਕਮ ਜਾਰੀ ਕਰਕੇ ਘਰੇਲੂ ਇਮਾਰਤਾਂ ਵਿੱਚ ਅਜਿਹੀਆਂ ਥਾਵਾਂ 'ਤੇ ਖਿੜਕੀਆਂ ਬਣਾਉਣ 'ਤੇ ਪਾਬੰਦੀ ਲਗਾ ਦਿੱਤੀ ਹੈ, ਜਿੱਥੋਂ ਔਰਤਾਂ ਦੇ ਨਜ਼ਰ ਆਉਣ ਦੀ ਸੰਭਾਵਨਾ ਹੈ। ਇਸ ਦਾ ਕਾਰਨ ਅਸ਼ਲੀਲਤਾ ਨੂੰ ਰੋਕਣਾ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਇੱਕ ਹੋਰ ਹੁਕਮ ਵਿੱਚ, ਅਫਗਾਨਿਸਤਾਨ ਸਰਕਾਰ ਨੇ ਸਾਰੀਆਂ ਗੈਰ ਸਰਕਾਰੀ ਸੰਸਥਾਵਾਂ ਨੂੰ ਹੁਕਮ ਦਿੱਤਾ ਕਿ ਉਹ ਔਰਤਾਂ ਨੂੰ ਰੁਜ਼ਗਾਰ ਦੇਣਾ ਬੰਦ ਕਰਨ ਨਹੀਂ ਤਾਂ ਉਨ੍ਹਾਂ ਦੀ ਮਾਨਤਾ ਰੱਦ ਕਰ ਦਿੱਤੀ ਜਾਵੇਗੀ। ਤਾਲਿਬਾਨ ਸਰਕਾਰ ਦੇ ਬੁਲਾਰੇ ਜ਼ਬੀਹੁੱਲ੍ਹਾ ਮੁਜਾਹਿਦ ਨੇ ਬਿਆਨ ਵਿੱਚ ਕਿਹਾ ਕਿ ਨਵੀਆਂ ਇਮਾਰਤਾਂ ਵਿੱਚ ਖਿੜਕੀਆਂ ਨਹੀਂ ਹੋਣੀਆਂ ਚਾਹੀਦੀਆਂ ਜੋ ਵਿਹੜੇ, ਰਸੋਈ, ਅਤੇ ਔਰਤਾਂ ਦੁਆਰਾ ਆਮ ਤੌਰ 'ਤੇ ਵਰਤੀਆਂ ਜਾਂਦੀਆਂ ਥਾਂਵਾਂ ਨੂੰ ਦੇਖਿਆ ਜਾ ਸਕੇ।ਤਾਲਿਬਾਨ ਦੇ ਬੁਲਾਰੇ ਅਨੁਸਾਰ ਔਰਤਾਂ ਨੂੰ ਰਸੋਈ ਵਿੱਚ , ਵਿਹੜੇ ਵਿੱਚ ਜਾਂ ਖੂਹਾਂ ਤੋਂ ਪਾਣੀ ਲਿਆਉਂਦੇ ਹੋਏ ਦੇਖਣਾ ਅਸ਼ਲੀਲਤਾ ਨੂੰ ਜਨਮ ਦੇ ਸਕਦਾ ਹੈ।

















# Call Romi Sidhu For Insurance & Financial Needs




StateFarm IS NOW Desjardins Insurance

Monday-Friday
9:00 am to 5:30 PM
Weekends: All Other Times Appointments only



4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com

* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS

Romi Sidhu, Agent





# Sunder Building Supplies Ltd.

We believe in quality

- CRC Roofing Supplies
- Drywall, Insulation
- Sound Control Products
- Stucco, T-Bar Ceiling
- Manufactdured Stone
- Steel Studs &
- Accessories

Stucco | Paper | Flashing | Wiring

Free Estimate BEST Rates

Nirvair Singh Johal
403-690-8700

Bhajan Singh Johal
403-561-0227

4612, 6 STREET NE CALGARY, AB



# Bains Vision Centre



ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।

ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ

Dr.Jaswinder S Bains
Ph.D., OD.

Tel: 403-274-4514
Fax: 403-274-4680
5218 Falsbridge Dr NE Calgary AB T3J 3G1



Advice from someone you trust.

Sun Life

Life's brighter under the sun

Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc.
Advisors and their corporations conduct insurance business through Sun Life Financial Distributors (Canada) Inc.
Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.





COLDWELL BANKER | YAD REALTY

RESIDENTIAL, COMMERCIAL & PROPERTY MANAGEMENT

ਜੇਕਰ ਤੁਹਾਡਾ ਘਰ 88 ਦਿਨਾਂ ਵਿੱਚ ਨਾ ਵਿਕਿਆ ਤਾਂ
ਉਸ ਤੋਂ ਬਾਅਦ ਅਸੀਂ ਬਿਨਾ ਕਿਸੇ ਫੀਸ ਦੇ ਵੇਚਾਂਗੇ*

*Some condition apply

YADREALTY.CA



ANDY BHALLA
OWNER, BROKER, REALTOR®
403-899-7171

HIRING BEST REAL ESTATE AGENTS
3130, 6520 36 Street NE, Calgary AB

AMRIT BEDI
OWNER & REALTOR®
403-414-9191





ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ

ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

Manpreet Thind
Ph: (403) 455-1000
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8



# ਨਵੇਂ ਸਾਲ ਅਤੇ ਲੋਹੜੀ ਦੀਆਂ ਲੱਖ ਲੱਖ ਵਧਾਈਆਂ



DARI
CONSTRUCTION & RESTORATION

# Dari Construction Ltd

We offer wide variety of commercial and residential services all over Saskatchewan.

## Our Specialties:

Interior residential and commercial product such as interior doors, shower doors, shower accessories, locks, fire places, casing, baseboards. We have all of this in stock at all the times.
Our prices are very reasonable even more reasonable than big retailers.

• Custom Kitchen Cabinets







• You can trust us for any commercial and residential construction.

Email: info@dariconstruction.ca
678 Cornwall St Regina

306-209-7571, 306-347-7571

# MIDWEST DIESEL REPAIR INC.

Midwest Truck Parts

Gurprit Gill (Sony)

Midwest Diesel Repair Inc.

## We Service all Makes of Semi Trucks and Trailers

## ਨਵੇਂ ਸਾਲ ਅਤੇ ਲੋਹੜੀ ਦੀਆਂ ਲੱਖ ਲੱਖ ਵਧਾਈਆਂ

ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ



ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।



- Wheel Alignment
- Differential
- Rebuilt
- Engine-Transmission
- Heating and Air Conditioning

1009 WELLINGS ROAD,
REGINA, SK, S4K 0A2

ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ

Ph. (306) 525 5077
Cell (306) 201 5870
Fax (306) 525 5075

www.midwestdieselrepair.ca Email:info@midwestdieselrepair.ca



## CAM TRANSPORT
REGINA, SK

Currently Hiring Drivers and Owner Operators for Canada (Prairies) and USA Runs.

- Must Have-Clean Driver Abstract
- Clear Criminal Record

ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ



Cam Transport Offers:

- Great Pay, Steady Miles,
- Dedicated Work
- Dedicated trucks for drivers
- Every Weekend Home
- Excellent Equipments
- Paid Layover

Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313

Office: 306 910-0100 Email: Info@camtransport.ca
1014 Kearns Cres Regina (SK) S4K 0A1



## SUPERVISA INSURANCE

RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE

Punjab Insurance Inc
"Your Local Insurance Advisor"

VISITOR INSURANCE

ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ

90 DAYS NEW IMMIGRANT INSURANCE



NAVDEEP JASWAL
Financial Advisor
403 909 4141



## ONE-STOP TRUCK SALES

ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।

YOUR ONE STOP SHOP FOR TRUCK SALES AND FINANCING

ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ



Davinder Gill & Jatinder Gill
306 490 2205, 306 880 3869

56 Bryan Bay, Rosser, MB R3C 2E6
Email: admin@onestoptrucksales.com
Office: 204-987-7300
Mob. 204-396-5404



## DENTRO CARRIERS LTD
REGINA, SK

HIRING OWNER OPERATOR NOW

ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।

- New Automatic Trucks
- City Work
- Long Haul US- Canada Runs
- Dedicated Runs
- Great Miles Rate

Referral Bonus
Health Benefits

LEASE TO OWNER OPERATOR PROGRAM



Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com




587.674.3438
southpoint@vestaproperties.com
Sales Centre & Showhomes
600 South Point Heath SW, Airdrie, AB




















ਕੂਪਰ ਕਰਾਸਿੰਗ ਵਿੱਚ ਐਲੀਵੇਟ ਕੁਲੈਕਸ਼ਨ ਦੀ ਸ਼ਿਖਰ 'ਤੇ ਸਥਿੱਤ ਮੋਨਾਰਕ ਲੈਕੇ ਆਏ ਹਨ,ਜਿਸਦਾ ਕੋਈ ਮੁਕਾਬਲਾ ਹੀ ਨਹੀਂ, ਅਮੀਰ ਗੁਣਾਂ ਵਾਲੇ 1 ਅਤੇ 2 ਬੈੱਡਰੂਮ ਵਾਲੇ ਘਰ ਪਲੱਸ ਮਰਜੀ ਅਨਸਾਰ ਵਰਤੀ ਜਾਣ ਵਾਲੀ ਜਗਾਹ, 670 ਤੋਂ 1198 ਸਕੇਅਰ ਫੁੱਟ ਤੱਕ। ਮੋਨਰਾਕ ਨਿੱਤ ਦੀ ਜ਼ਿੰਦਗੀ ਵਿੱਚ ਉੱਚ ਪੱਧਰੇ ਰਹਿਣ ਸਹਿਣ ਅਤੇ ਉੱਚ ਪੱਧਰੀ ਸਹੂਲਤਾਂ ਨੂੰ ਮੁੱਖ ਰੱਖਕੇ ਤਿਆਰ ਕੀਤਾ ਗਿਆ ਹੈ। ਇੱਥੋਂ ਦੇ ਰਹਿਣ ਵਾਲੇ ਪ੍ਰੀਮੀਅਮ ਅਪਾਰਟਮੈਂਟਸ ਅਤੇ 4500 ਵਰਗ ਤੋਂ ਵੀ ਵੱਧ ਸਹੂਲਤਾਂ, ਜਿਹਨਾਂ ਵਿੱਚ ਮੋਨਾਰਕ ਫਿਟਨਿਸ,ਸੋਸ਼ਲ ਪਾਰਲਰ, ਸਰੈਨਟੀ ਰੀ-ਟਰੀਟ, ਏਂਟਰਟੇਨਿੰਗ ਜੋਨ, ਬੋਰਡਰੂਮ, ਗੀਅਰ ਸਟੇਸ਼ਨ, ਪਾ-ਸਪਾ ਅਤੇ ਹੋਰ ਬਹੁਤ ਕੁੱਝ ਦਾ ਘਰ ਵਾਂਗ ਹੀ ਆਨੰਦ ਮਾਣ ਸਕਦੇ ਹਨ।

ਹੋਰ ਜਾਣਕਾਰੀ ਲਈ ਰਜਿਸਟਰ ਕਰੋ: **VESTAELEVATE.COM**

Renderings are an artist's conception and are intended as a general reference only.

#1601 – 201 Cooperswood Green SW, Airdrie
587.317.1516 | cooperscrossing@vestaproperties.com

VESTA PROPERTIES

Renderings are artistic concept only and subject to change without notice.

# ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ

ਦੀ ਛੇਵੀਂ ਲੋਕੇਸ਼ਨ 400-DE CARRINGTON BLVD,NW
CALGARY ਨਾਰਥਵੈਸਟ ਏਰੀਆ ਵਿੱਚ ਖੁੱਲ ਗਈ ਹੈ




Mega
Sanjha Punjab
GROCERY STORE

ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।




6 LOCATIONS TO SERVE YOU

| | | | | | |
|---|---|---|---|---|---|
| 331-3690 WESTWINDS DR NE, CALGARY | 117 7171 80 AVE NE, CALGARY | 570-6520 FALCONRIDGE BLVD. NE, CALGARY | 606 CITYSCAPE SQR NE, CALGARY | 3150-235 RED EMBERS WAY NE, CALGARY | 400-45 CARRINGTON BLVD, NW, CALGARY |

2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ

2 FOR 1 PIZZA HOUSE
HOUSE OF TASTE & QUALITY



Please advise us of any food allergies

ਆਪਣੇ ਸ਼ਹਿਰ ਵਿੱਚ
2 ਫਾਰ ਵਨ ਪੀਜ਼ਾ ਦੀ ਫਰੈਂਚਾਈਜ
ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application

"GREAT FOOD, GREAT PRICE, GREAT QUALITY!!"

Business Hours
Sunday – Thursday
11:00 am – 12:00 am
Friday & Saturday
11:0 am – 1:00 am
Location Hours May Vary

info@2for1pizzahouse.com
www.2for1pizzahouse.com

We are proud to serve in Edmonton with 6 locations!

| | | |
|---|---|---|
| CALGARY<br>#123, 55 Westwinds Cres NE,<br>Calgary, AB T3J 5H2<br>Tel: 403-285-9000 | STONEGATE - CALGARY<br>#112, 2550 Country Hills Blvd NE,<br>Calgary, AB T3N 1E4<br>Tel: 403-818-9000 | NOLAN HILL - CALGARY<br>#155, 50 Nolanridge Crt NW<br>Calgary, AB<br>Tel: 403-300-2442 |
| CHESTERMERE<br>#101-288 Kinniburg BLVD<br>Chestermere (AB)<br>Tel : 403 292 0000 | EDMONTON<br>#3747 – 8th Ave SW,<br>Edmonton, AB T6X 1A4<br>Tel: 780-250-9009 | EDMONTON<br>#3050, 106 St NW,<br>Edmonton, AB T6J 5M5<br>Tel: 780-540-9900 |

BHINDER EXTERIORS LTD.
# BHINDER EXTERIOR

ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ
ਹੋਏ ਨੁਕਸਾਨ ਦਾ ਹੁਣ ਕੀ ਕਰੀਏ ?

ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ
ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।

ਹੁਣ ਤੁਸੀਂ
ਸਾਈਡਿੰਗ ਚੇਂਜ
ਕਰਕੇ ਸਟੱਕੋ
ਵੀ ਕਰਵਾ ਸਕਦੇ ਹੋ

ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ
ਹੀ ਡੀਲ ਕਰਕੇ ਤੁਹਾਡੇ ਘਰ ਨੂੰ
ਪਹਿਲਾਂ ਨਾਲੋਂ ਵੀ ਸੋਹਣਾ ਅਤੇ
ਨਵਾਂ ਨਕੋਰ ਬਣਾ ਦੇਣਗੇ।

* ਸਾਨੂੰ ਵਰਕਰਾਂ ਦੀ ਲੋੜ ਹੈ




*All kind of Exterior Service*
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough

FREE Estimate

Call: 403 680 0436
Email: sandeeptoor72@gmail.com